# ਸ੍ਰੀ ਹੇਮਕੁੰਟ ਦਰਸ਼ਨ



ਡਾ. ਤਾਰਾ ਸਿੰਘ

# ਸ੍ਰੀ ਹੇਮਕੁੰਟ ਦਰਸ਼ਨ

ਲੇਖਕ
ਡਾਕਟਰ ਤਾਰਾ ਸਿੰਘ

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਸਭ ਹੱਕ ਰਾਖਵੇਂ ਹਨ

ISBN 81-7205-020-8

੧੯੭੬, ੧੯੭੭ (ਦੋ ਵਾਰ), ੧੯੭੮, ੧੯੮੦, ੧੯੮੨,
੧੯੮੩, ੧੯੮੬, ੧੯੮੮, ੧੯੮੯ (ਦੋ ਵਾਰ), ੧੯੯੦
ਤੇਰ੍ਹਵੀਂ ਵਾਰ ਮਈ ੧੯੯੧

ਮੁੱਲ ੩-੦੦

ਪ੍ਰਕਾਸ਼ਕ :
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ
ਪ੍ਰਿੰਟਰ :
ਖੰਨਾ ਪ੍ਰਿੰਟਰਜ਼, ਫਗਵਾੜਾ ਗੇਟ, ਜਲੰਧਰ

# ਤਤਕਰਾ


ਭੂਮਿਕਾ ੪
ਉਤਰਾਖੰਡ ਸੁਰਗ-ਲੋਕ ਹੈ ੫
ਦੁਸ਼ਟ-ਦਮਨ ਕੌਣ ਸੀ ? ੧੦
ਸ੍ਰੀ ਹੇਮਕੁੰਟ ਦਾ ਲੱਭਣਾ ੧੨
ਪਹਾੜ ਦੇ ਲੋਕਾਂ ਦੀ ਯਾਤਰਾ ੧੪
ਸ੍ਰੀ ਹੇਮਕੁੰਟ ਮਾਦਾ-ਪ੍ਰਸਤ ਲਈ ੧੬
ਸ੍ਰੀ ਹੇਮਕੁੰਟ ਜਗਿਆਸੂ ਲਈ ੨੦
ਸ੍ਰੀ ਹੇਮਕੁੰਟ ਪਰ ਜੀਵ-ਜੰਤੂ ੨੨
ਸ੍ਰੀ ਹੇਮਕੁੰਟ ਦੀ ਮੇਰੀ ਪਹਿਲੀ ਯਾਤਰਾ ੨੪
ਗੋਬਿੰਦਘਾਟ ਦੀ ਯਾਤਰਾ ੨੬
ਸ੍ਰੀ ਹੇਮਕੁੰਟ ਦੀਆਂ ਹੋਰ ਯਾਤਰਾਵਾਂ ੩੧
ਸ਼ਹੀਦੀ ਪਹਿਰਾ ੩੬
ਸਤਿਗੁਰ ਦਰਸ਼ਨ ੩੮
ਅਦਬ ਤੇ ਸਫ਼ਾਈ ਦੀ ਲੋੜ ੪੩
ਅਖ਼ੀਰ ਵਿਚ ਕੁਝ ਅੱਖਰ ੪੪
ਨਕਸ਼ਾ ੪੬

# ਭੂਮਿਕਾ

ਡਾ: ਤਾਰਾ ਸਿੰਘ ਜੀ ਆਪਣੀ ਪਹਿਲੀ ਪੁਸਤਕ "ਪੰਜ ਸੁੱਚੇ ਮੋਤੀ" ਰਾਹੀਂ ਸਿੱਖ ਜਗਤ ਦੇ ਸਾਹਮਣੇ ਆ ਚੁੱਕੇ ਹਨ।

ਆਪ ਦੀ ਇਹ ਛੋਟੀ ਜਿਹੀ ਅਨੂਪਮ ਰਚਨਾ, ਸ੍ਰੀ "ਹੇਮਕੁੰਟ ਦਰਸ਼ਨ" ਆਪਣੀ ਭਾਂਤ ਦੀ ਇੱਕੋ-ਇਕ ਪੁਸਤਕ ਹੈ, ਜੋ ਸ੍ਰੀ ਹੇਮਕੁੰਟ ਦੇ ਪਵਿੱਤਰ ਅਸਥਾਨ ਨੂੰ ਵਖ ਵਖ ਪੱਖਾਂ ਤੋਂ ਸਾਡੇ ਸਾਹਮਣੇ ਲਿਆਉਂਦੀ ਹੈ।

ਅਸੀਂ ਪੁਰਾਤਨ ਗ੍ਰੰਥਾਂ ਵਿਚ ਪੜ੍ਹਦੇ ਆ ਰਹੇ ਹਾਂ ਕਿ ਉਤੰਰਾਖੰਡ ਦੇਵਲੋਕ ਹੈ, ਪਰ ਅੱਜ ਦੇ ਸਮੇਂ ਵਿਚ ਆਪਣੀਆਂ ਅੱਖਾਂ ਨਾਲ ਦੇਖ ਕੇ ਦੱਸਣ ਵਾਲੇ ਡਾ: ਤਾਰਾ ਸਿੰਘ ਹੀ ਹਨ। ਹੋ ਸਕਦਾ ਹੈ ਕਿ ਕਈ ਪਾਠਕਾਂ ਨੂੰ ਅਜਿਹੇ ਵਰਣਨ ਅਜੀਬ ਜਿਹੇ ਲਗਣ, ਪਰ ਜਦ ਗਿਆਨ ਦੇ ਨੇਤਰ ਖੁਲ੍ਹ ਜਾਂਦੇ ਹਨ ਤਾਂ ਇਹ ਕੁਝ ਅਸੰਭਵ ਨਹੀਂ।

ਮੇਰੀ ਗਿਆਤ ਅਨੁਸਾਰ ਆਪ ਪਹਿਲੇ ਸੱਜਣ ਹਨ, ਜੋ ਅੱਜ ਤਕ ਸ੍ਰੀ ਹੇਮਕੁੰਟ ਦੇ ਕਠਨ-ਤਪ ਅਸਥਾਨ ਪਰ ਇਕੱਲੇ ਹੀ ਕਈ ਕਈ ਦਿਨ ਰਹੇ ਹਨ। ਮੈਨੂੰ ਇਨ੍ਹਾਂ ਦੇ ਨਜ਼ਦੀਕ ਹੋ ਕੇ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਦੇਖਣ ਨੂੰ ਆਪ ਇਕ ਸਾਧਾਰਨ ਵਿਅਕਤੀ ਪ੍ਰਤੀਤ ਹੁੰਦੇ ਹਨ, ਪਰ ਆਪ ਦਾ ਜੀਵਨ ਬਹੁਤ ਉੱਚਾ ਤੇ ਅਸਾਧਾਰਨ ਹੈ।

ਮੈਨੂੰ ਪੂਰਾ ਯਕੀਨ ਹੈ ਕਿ ਇਸ ਉਤਸ਼ਾਹਜਨਕ ਤੇ ਵਿਸ਼ਾਲ ਜਾਣਕਾਰੀ ਦੇਣ ਵਾਲੀ ਪੁਸਤਕ ਨੂੰ, ਸ੍ਰੀ ਹੇਮਕੁੰਟ ਦਾ ਹਰ ਪ੍ਰੇਮੀ ਪੜ੍ਹ ਕੇ ਸੰਸਾਰਕ ਤੇ ਅਧਿਆਤਮਕ ਲਾਭ ਉਠਾਏਗਾ।

ਨਾਹਨ,
ਹਿਮਾਚਲ ਪ੍ਰਦੇਸ਼

ਧਰਮ ਪ੍ਰਕਾਸ਼
ਐਡਵੋਕੇਟ

# ਉਤਰਾਖੰਡ ਸ੍ਵਰਗ-ਲੋਕ ਹੈ

ਸ੍ਰੀ ਅਕਾਲ ਮੂਰਤ, ਕਰਤਾ ਪੁਰਖ, ਜੋ ਰੂਪ, ਰੰਗ ਅਤੇ ਰੇਖ ਤੋਂ ਨਿਆਰੇ, ਹਰ ਥਾਂ ਵਿਆਪਕ ਹਨ, ਸਮੇਂ ਤੇ ਸਥਾਨ ਦੀ ਹਦ ਤੋਂ ਪਰੇ ਹਨ, ਹਮੇਸ਼ਾ ਤੋਂ ਚਲੇ ਆਏ ਹਨ, ਹਮੇਸ਼ਾ ਹੀ ਹਮੇਸ਼ਾ ਕਾਇਮ ਰਹਿਣਗੇ, ਜਿਨ੍ਹਾਂ ਤੋਂ ਬਿਨਾਂ ਹੋਰ ਕੋਈ ਦੂਜੀ ਹਸਤੀ ਹੈ ਹੀ ਨਹੀਂ, ਸਭ ਕੁਝ ਆਪੇ ਆਪ ਹਨ। ਉਹ ਇਕ ਵੱਡੇ ਜਾਦੂਗਰ ਵੀ ਹਨ, ਜਿਨ੍ਹਾਂ ਨੇ ਆਪਣੇ ਵਜੂਦ ਦੇ ਅੰਦਰ ਹੀ ਜਾਦੂਗਰੀ ਦੀ ਖੇਡ, ਇਹ ਰਚਨਾ ਰਚੀ।

ਜਿਵੇਂ ਇਹ ਜਾਦੂਗਰ ਜੀ ਬੇਅੰਤ ਹਨ, ਉਸੇ ਤਰ੍ਹਾਂ ਉਨ੍ਹਾਂ ਦੀ ਇਸ ਖੇਡ, ਦਿਸਦੇ ਆਕਾਰ ਦਾ ਵੀ ਕੋਈ ਅੰਤ ਨਹੀਂ।

ਇਸ ਤਮਾਸ਼ੇ ਦੀ ਇਕ ਅਨੋਖੀ ਗੱਲ ਇਹ ਹੈ ਕਿ ਕਰਤਾ ਪੁਰਖ ਹਰ ਜੀਵ ਦੇ ਅੰਦਰ ਬਿਰਾਜਮਾਨ ਹੋ ਕੇ, ਸਭ ਕੁਝ ਆਪੇ ਕਰਦੇ ਅਤੇ ਕਰਾਉਂਦੇ ਹਨ, ਪਰ ਇਹ ਜੀਵ ਨਿਸਚੇ ਨਾਲ ਯਕੀਨ ਕਰਦਾ ਹੈ ਕਿ ਸਭ ਕੁਝ "ਮੈਂ ਕਰਦਾ ਹਾਂ"। ਅਕਾਲ ਪੁਰਖ ਦੀ ਸਰਬ ਵਿਆਪਕ ਜੋਤਿ ਨੂੰ ਨਾ ਸਮਝਦਾ ਹੋਇਆ, ਆਪਣੀ ਅਣਹੋਂਦੀ ਹੋਂਦ ਨੂੰ, "ਆਪਾ ਭਾਵ" ਮੰਨ ਕੇ, ਇਕ ਵਖਰੀ ਹੋਂਦ (ਵਿਅਕਤੀ) ਮੰਨ ਰਿਹਾ ਹੈ।

ਪਰ ਫਿਰ ਵੀ ਜਿਸ ਮਨੁੱਖ ਨੂੰ ਜਿੰਨਾ ਪਰਕਾਸ਼ ਮਿਲਿਆ ਹੈ, ਉਸ ਦੇ ਅਨੁਸਾਰ, ਇਸ ਰਚਨਾ ਨੂੰ ਵੱਖ ਵੱਖ ਭਾਂਤ ਨਾਲ ਦੇਖਦਾ ਹੈ। ਕੋਈ ਇਸ ਨੂੰ ਹਮੇਸ਼ਾ ਰਹਿਣ ਵਾਲੀ ਦੁਨੀਆ ਮੰਨਦਾ ਹੈ, ਕੋਈ ਹਮੇਸ਼ਾ ਨਾ ਰਹਿਣ ਵਾਲੀ ਸਮਝਦਾ ਹੈ ਅਤੇ ਕਿਸੇ ਨੂੰ ਇਹ ਸਭ ਕੁਝ ਇਕ ਸੁਪਨਾ ਮਾਤਰ ਹੀ ਨਜ਼ਰ ਆ ਰਿਹਾ ਹੈ। ਜਿਸ ਨੂੰ ਜੋਤਿ ਦੇ ਪੂਰਨ ਪ੍ਰਕਾਸ਼ ਦੀ ਬਖ਼ਸ਼ਿਸ਼ ਹੋ ਗਈ ਹੈ, ਉਸ ਦੀ ਬੁਧੀ ਵਿਚੋਂ ਜਾਦੂਗਰੀ ਦਾ ਅਸਰ ਸਮਾਪਤ ਹੋ ਜਾਂਦਾ ਹੈ ਅਤੇ ਸਭ ਇਕ ਵਾਹਿਗੁਰੂ ਜੀ ਹੀ ਨਜ਼ਰ ਆਉਂਦੇ ਹਨ।

ਅਜਿਹੀ ਅਨੋਖੀ ਰਚਨਾ ਦੀਆਂ ਕਹਾਣੀਆਂ ਵੀ ਬਚਿਤ੍ਰ ਹਨ, ਪਰ ਸਾਡਾ ਵਿਸ਼ਾ ਕੇਵਲ "ਸ੍ਰੀ ਹੇਮਕੁੰਟ" ਹੈ, ਜੋ ਕਿ ਉਤਰਾਖੰਡ ਵਿਚ ਸੁਸ਼ੋਭਤ ਹੈ, ਇਸ ਲਈ

ਪਿਛੋਕੜ ਵਜੋਂ ਪਹਿਲਾਂ ਥੋੜ੍ਹਾ ਜਿਹਾ ਹਾਲ ਇਸ ਉਤਰਾਖੰਡ ਦਾ ਦਸਦੇ ਹਾਂ, ਜੋ ਕਿ ਖ਼ਾਸ ਤੌਰ ਪਰ ਜੋਸ਼ੀ ਮੱਠ ਤੋਂ ਅਗਲੇ ਪਹਾੜਾਂ ਦੇ ਸਮੂਹ ਦਾ ਨਾਉਂ ਹੈ।

ਧਰਤੀ ਦਾ ਇਹ ਟੁਕੜਾ ਪ੍ਰਿਥਵੀ ਦਾ ਇਕ ਵਿਸ਼ੇਸ਼ ਅੰਗ ਹੈ, ਜਿਸ ਦੀ ਮਹੱਤਤਾ ਪੁਰਾਤਨ ਸਮਿਆਂ ਤੋਂ ਹੀ ਮੰਨੀ ਜਾ ਰਹੀ ਹੈ। ਇਥੇ ਹਜ਼ਾਰਾਂ ਵਰ੍ਹਿਆਂ ਤੋਂ ਜਗਤ-ਪ੍ਰਸਿਧ ਯੋਗੀ, ਤਪੀ, ਰਿਸ਼ੀ, ਮੁਨੀ ਆਦਿਕ ਕਠਿਨ ਘਾਲਣਾਂ ਘਾਲਦੇ ਆਏ ਹਨ, ਜਿਨ੍ਹਾਂ ਦੇ ਭਜਨ ਪਾਠ, ਤਪ ਤੇ ਸਾਧਨਾਂ ਨੇ ਇਥੋਂ ਦੇ ਵਾਯੂ-ਮੰਡਲ ਵਿਚ ਇਕ ਅਨੋਖਾ ਵਿਸਮਾਦ-ਮਈ ਰਸ ਭਰ ਦਿੱਤਾ ਹੈ ਅਤੇ ਕਈ ਪੱਖਾਂ ਤੋਂ ਪ੍ਰਭਾਵ-ਜਨਕ ਬਣਾ ਦਿੱਤਾ ਹੈ। ਇਥੇ ਅਨੇਕ ਬਚਿੱਤਰ ਖੇਡਾਂ ਹੁੰਦੀਆਂ ਆਈਆਂ ਹਨ। ਇਹ ਗੱਲ ਆਮ ਪਰਸਿੱਧ ਹੈ ਕਿ ਇਨ੍ਹਾਂ ਪਹਾੜਾਂ ਵਿਚ ਕੀਤਾ ਹੋਇਆ ਤਪ ਵਧੇਰੇ ਛੇਤੀ ਫਲਦਾ ਹੈ। ਕੋਈ ਜਗਿਆਸੂ ਵੀ ਇਥੋਂ ਦੇ ਪਵਿੱਤਰ ਵਾਯੂ-ਮੰਡਲ ਦੇ ਪ੍ਰਭਾਵ ਤੋਂ ਵਾਂਝਾ ਨਹੀਂ ਰਹਿੰਦਾ, ਪਰ ਇਕ ਸ਼ਰਤ ਹੈ ਕਿ ਨੀਅਤ ਸ਼ੁਧ ਹੋਵੇ। ਜਿਹੜਾ ਹਿਰਦਾ ਦੁਰਗੰਧ ਨਾਲ ਭਰਿਆ ਹੋਵੇ, ਉਸ ਉਤੇ ਸੁਗੰਧੀ ਦਾ ਛਿੱਟਾ ਕੀ ਕਰੇਗਾ?

ਪੁਰਾਤਨ ਸਮੇਂ ਤੋਂ ਹੀ ਉਤਰਾਖੰਡ ਨੂੰ ਦੇਵ ਲੋਕ ਵੀ ਆਖਿਆ ਜਾਂਦਾ ਹੈ, ਜਿਥੇ ਵੱਖ ਵੱਖ ਭਾਂਤ ਦੇ ਦੇਵਤੇ ਨਿਵਾਸ ਕਰਦੇ ਹਨ। ਮੰਧ ਗਾਦਮ ਪਹਾੜਾਂ ਦਾ ਸਮੂਹ, ਜਿਸ ਵਿਚ ਬਦਰੀ ਨਾਥ ਦਾ ਪਹਾੜ ਅਤੇ ਆਲੇ ਦੁਆਲੇ ਦੇ ਪਰਬਤ ਸ਼ਾਮਲ ਹਨ, "ਇੰਦਰ ਲੋਕ" ਅਖਵਾਉਂਦਾ ਹੈ, ਜਿਥੇ ਕਿ ਇੰਦਰ ਰਾਜ ਕਰਦਾ ਮੰਨਿਆ ਜਾਂਦਾ ਹੈ। ਇਥੇ ਹੀ ਇੰਦਰ ਦਾ ਖ਼ਜ਼ਾਨਚੀ "ਕੁਬੇਰ" ਕੁਬੇਰ ਨਾਮੀ ਪਹਾੜ ਪਰ ਨਿਵਾਸ ਕਰਦਾ ਹੈ। ਇਹ ਪਹਾੜ ਬਦਰੀ ਨਾਥ ਤੋਂ ਉੱਤਰ-ਪੱਛਮ ਵਲ, ਕੁਝ ਫ਼ਾਸਲੇ ਤੇ ਹੈ। ਕੈਲਾਸ਼, ਮਾਨਸਰੋਵਰ ਅਤੇ ਆਸ ਪਾਸ ਦੇ ਪਰਬਤ "ਸ਼ਿਵ ਲੋਕ" ਅਖਵਾਉਂਦੇ ਹਨ। ਕੈਲਾਸ਼ ਪਰਬਤ ਤੇ ਸ਼ਿਵ ਜੀ ਨਿਵਾਸ ਕਰਦੇ ਹਨ। ਸ਼ਿਵ ਜੀ ਅਤੇ ਅਸ਼ਟਭੁਜੀ ਦੇ ਪਰਤੱਖ ਹੋਣ ਸੰਬੰਧੀ ਇਕ ਘਟਨਾ ਲੇਖਕ ਦੇ ਗਿਆਤ ਵਿਚ ਹੈ, ਪਰ ਇਹ ਇਸ ਪੁਸਤਕ ਦਾ ਵਿਸ਼ਾ ਨਹੀਂ।

ਪੁਰਾਣਾਂ ਅਤੇ ਮਹਾਂਭਾਰਤ ਨੇ ਸਿੱਧ ਕੀਤਾ ਹੈ ਕਿ ਸਵਰਗ ਲੋਕ (ਦੇਵ ਲੋਕ) ਉੱਪਰ ਕਿਸੇ ਥਾਂ ਆਕਾਸ਼ ਵਿਚ ਨਹੀਂ, ਸਗੋਂ ਉਤਰਾਖੰਡ ਹੀ ਸਵਰਗ ਲੋਕ ਹੈ, ਜਿਸ ਵਿਚ ਇੰਦਰ ਲੋਕ ਅਤੇ ਸ਼ਿਵ ਲੋਕ ਸ਼ਾਮਲ ਹਨ।

ਗੁਰਬਾਣੀ ਵਿਚ ਵੀ ਇਸ ਸੰਬੰਧੀ ਇਸ਼ਾਰੇ ਮਿਲਦੇ ਹਨ, ਜਿਵੇਂ :

"ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥
ਓਛੇ ਤਪ ਕਰਿ ਬਾਹਰਿ ਐਬੋ ॥" (੬੯੨) (ਕਬੀਰ ਜੀ)

ਸਵਰਗ ਲੋਕ ਦੀ ਅਣਦਿਸਦੀ ਦੁਨੀਆ ਹੈ ਤਾਂ ਉਤਰਾਖੰਡ ਵਿਚ ਹੀ, ਪਰ ਸਾਨੂੰ ਇਸ ਗੱਲ ਦਾ ਯਕੀਨ ਨਹੀਂ ਆਉਂਦਾ, ਕਿਉਂਕਿ ਉੱਪਰ ਲਿਖੇ ਸ਼ਾਸਤਰਾਂ ਨੇ ਇਹ ਗੱਲ ਸਪੱਸ਼ਟ ਕਰਨ ਦਾ ਯਤਨ ਨਹੀਂ ਕੀਤਾ ਕਿ ਇਹ ਗੁਪਤ ਦੁਨੀਆ ਕਿਸ ਤਰੀਕੇ ਨਾਲ ਵਸਦੀ ਹੈ।

ਸਤਿਗੁਰਾਂ ਦੀ ਮਿਹਰ ਦੁਆਰਾ ਲੇਖਕ ਨੂੰ ਜੋ ਸ੍ਰੀ ਹੇਮਕੁੰਟ ਤਪ-ਅਸਥਾਨ ਪਰ ਚਾਲੀ ਦਿਨ ਤੋਂ ਲੈ ਕੇ ਢਾਈ ਮਹੀਨੇ ਤਕ, ਕੁਝ ਵੇਰ ਰਹਿਣ ਦਾ ਅਵਸਰ ਮਿਲਿਆ, ਉਸ ਸਮੇਂ ਵਿਚ ਇਸ ਸੰਬੰਧੀ ਜੋ ਕੁਝ ਦੇਖਿਆ, ਸੁਣਿਆ ਜਾਂ ਅਨੁਭਵ ਵਿਚ ਆਇਆ, ਉਹ ਸੰਖੇਪ ਜਿਹਾ ਇਥੇ ਦਸਣ ਦਾ ਯਤਨ ਕੀਤਾ ਹੈ। ਉਨ੍ਹਾਂ ਦਿਨਾਂ ਵਿਚ ਯਾਤਰਾ ਘਟ ਚਲਣ ਕਰਕੇ ਕਈ ਵੇਰ ਦਸ-ਦਸ ਬਾਰ੍ਹਾਂ-ਬਾਰ੍ਹਾਂ ਦਿਨ ਤਕ ਮਨੁੱਖ ਜਾਤੀ ਦੇ ਦਰਸ਼ਨ ਨਹੀਂ ਸਨ ਹੁੰਦੇ। ਅਜਿਹੀ ਇਕਾਂਤ, ਜਾਣਕਾਰੀ ਪ੍ਰਾਪਤ ਕਰਨ ਵਿਚ ਚੋਖੀ ਸਹਾਇਕ ਹੋਈ।

ਦੇਵਤਿਆਂ ਦਾ ਸਰੀਰ ੨੫ ਸੂਖਮ ਤੱਤਾਂ ਦਾ ਬਣਿਆ ਹੋਇਆ ਹੁੰਦਾ ਹੈ, ਇਸ ਕਰਕੇ ਮਾਤ-ਲੋਕੀ ਮਨੁੱਖ ਉਨ੍ਹਾਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਨਹੀਂ ਸਕਦੇ। ਇਹ ਆਪਣੀ ਇੱਛਾ ਅਨੁਸਾਰ ਦੁਨੀਆ ਦੇ ਲੋਕਾਂ ਨੂੰ ਦਿਖਾਈ ਦੇ ਪੈਂਦੇ ਹਨ, ਜਾਂ ਜਿਨ੍ਹਾਂ ਦੀ ਦ੍ਰਿਸ਼ਟੀ, ਵਾਹਿਗੁਰੂ ਜੀ ਦੀ ਕਿਰਪਾ ਨਾਲ, ਗੁਪਤ ਦੁਨੀਆ ਵਿਚ ਖੁਲ੍ਹ ਜਾਏ, ਉਹ ਇਨ੍ਹਾਂ ਨੂੰ ਦੇਖ ਲੈਂਦੇ ਹਨ। ਵਾਹਿਗੁਰੂ ਜੀ ਵਲੋਂ ਦੇਵਤਿਆਂ ਨੂੰ ਬਹੁਤ ਸਾਰੀਆਂ, ਕਈ ਪਰਕਾਰ ਦੀਆਂ, ਵੱਡੀਆਂ ਵੱਡੀਆਂ ਸ਼ਕਤੀਆਂ ਮਿਲੀਆਂ ਹੋਈਆਂ ਹਨ। ਇਹ ਅੰਤਰਯਾਮੀ ਹੁੰਦੇ ਹਨ, ਦੂਰ-ਨੇੜੇ ਬੈਠੇ ਲੋਕਾਂ ਦੇ ਮਨ ਦੀ ਗੱਲ ਬੁਝ ਲੈਂਦੇ ਹਨ। ਆਪਣੇ ਪੁਜਾਰੀਆਂ ਨੂੰ, ਆਪਣੇ ਵਿਤ ਅਨੁਸਾਰ, ਵਰ ਤੇ ਦੰਡ ਦੇ ਸਕਦੇ ਹਨ। ਪਹਾੜ, ਬਰਫ਼, ਜਲ, ਧਰਤੀ ਜਾਂ ਮਾਤ-ਲੋਕ ਦੇ ਅਸਥੂਲ ਤੱਤ, ਇਨ੍ਹਾਂ ਵਾਸਤੇ ਕੋਈ ਅਰਥ ਨਹੀਂ ਰਖਦੇ, ਜਿਵੇਂ ਇਹ ਹੈ ਹੀ ਨਹੀਂ। ਇਨ੍ਹਾਂ ਵਿਚੋਂ ਲੰਘ ਜਾਂਦੇ ਹਨ। ਲੰਮੀਆਂ ਉਡਾਰੀਆਂ ਛਿਨ ਭਰ ਵਿਚ ਮਾਰ ਲੈਂਦੇ ਹਨ। ਇਹ ਹਰ ਇਕ ਬੋਲੀ (ਹਿੰਦੀ, ਪੰਜਾਬੀ, ਅੰਗਰੇਜ਼ੀ, ਬੰਗਾਲੀ, ਮਦਰਾਸੀ, ਆਦਿਕ) ਸਮਝ ਲੈਂਦੇ ਹਨ ਅਤੇ ਬੋਲ ਵੀ ਸਕਦੇ ਹਨ। (ਇਕ ਵੇਰ ਇਨ੍ਹਾਂ ਨੇ ਲੇਖਕ ਨਾਲ

ਅੰਗਰੇਜ਼ੀ ਵਿਚ ਵੀ ਗੱਲ ਕੀਤੀ ਸੀ।) ਇਨ੍ਹਾਂ ਦੀ ਆਪਣੀ ਨਿੱਜੀ ਬੋਲੀ ਕੁਝ ਹੋਰ ਹੀ ਹੈ। ਕੁਝ ਇਕ ਵੇਰ ਆਪਣੇ ਮੰਤਰ ਜਪਦੇ ਲੇਖਕ ਨੇ ਸੁਣਿਆ ਹੈ, ਪਰ ਸਮਝ ਨਹੀਂ ਆਈ। ਹਵਾ ਵਾਂਗ ਕਾਹਲੀ ਕਾਹਲੀ ਬੋਲਦੇ ਹਨ।

ਅਨੰਤ ਵਾਹਿਗੁਰੂ ਜੀ ਦੀ ਖੇਡ ਵੀ ਮਹਾਂ ਬਚਿੱਤਰ ਹੈ। ਇਸੇ ਵਾਯੂ ਮੰਡਲ ਵਿਚ ਸਰਬ-ਵਿਆਪਕ ਵਾਹਿਗੁਰੂ ਜੀ ਆਪਣੇ ਆਪ ਹਨ। ਇਸੇ ਵਿਚ ਹੀ ਮਾਇਆ ਰੂਪੀ ਦੁਨੀਆ ਵਸਦੀ ਹੈ। ਇਸੇ ਵਿਚ ਹੀ ਭੂਤ ਪਰੇਤ ਆਦਿਕ ਵਸਦੇ ਹਨ। ਦੇਵਤਿਆਂ ਦੀ ਅਣਦਿਸਦੀ ਦੁਨੀਆ ਵੀ ਇਸੇ ਵਾਯੂ ਮੰਡਲ ਵਿਚ ਹੈ। ਜਿਵੇਂ ਦੇਵਤੇ ਸੂਖਮ ਹਨ, ਤਿਵੇਂ ਇਨ੍ਹਾਂ ਦੀ ਦੁਨੀਆ ਵੀ ਸੂਖਮ ਹੈ ਜਿਸ ਵਿਚ ਇਹ ਵਿਚਰਦੇ ਹਨ। ਜੋ ਸਾਨੂੰ ਪਹਾੜ ਜਾਂ ਜਲ ਆਦਿਕ ਦਿਸਦੇ ਹਨ, ਇਨ੍ਹਾਂ ਦੇ ਅੰਦਰ ਹੀ ਦੇਵਤਿਆਂ ਦੇ ਸੁਖਦਾਈ ਤੇ ਕੀਮਤੀ ਰਿਹਾਇਸ਼ੀ ਅਸਥਾਨ ਤੇ ਮੰਦਰ ਆਦਿਕ ਬਣੇ ਹੋਏ ਹਨ।

ਮਹਾਂਭਾਰਤ ਦੇ ਬਨ-ਪ੍ਰਵ ਅਧਿਆਇ ੧੫੯-੧੬੩ ਦੇ ਅਨੁਸਾਰ, ਇੰਦਰ ਤੋਂ ਸ਼ਾਸਤਰ ਵਿਦਿਆ ਪ੍ਰਾਪਤ ਕਰਨ ਲਈ ਅਰਜਨ, ਇੰਦਰ ਲੋਕ (ਉਤਰਾਖੰਡ) ਵਿਚ ਹੀ ਆਇਆ ਸੀ। ਸਪੱਸ਼ਟ ਹੈ ਕਿ ਉਹ ਲੋਕ ਦੇਵਤਿਆਂ ਦੀ ਅਣਦਿਸਦੀ ਦੁਨੀਆ ਨਾਲ ਸੰਬੰਧਤ ਹੋ ਸਕਣ ਦੇ ਸਾਧਨ ਜਾਣਦੇ ਸਨ।

ਮਹਾਂਭਾਰਤ ਦੇ ਯੁੱਧ ਦੇ ਬਾਅਦ, ਪੰਜ ਪਾਂਡਵ ਇਸੇ ਪਾਸੇ ਆ ਕੇ ਬਰਫ਼ਾਂ ਵਿਚ ਗਲੇ ਸਨ। ਪਹਿਲੇ ਇਨ੍ਹਾਂ ਨੇ ਪਾਂਡੋਕੇਸ਼ਰ ਪਹੁੰਚ ਕੇ ਆਪਣੇ ਵਡਕੇ ਪੰਡੂ (ਪੰਡ-ਰਾਜ) ਦੇ ਤਪ ਦੀ ਯਾਦ ਵਿਚ ਇਕ ਮੰਦਰ ਬਣਾਇਆ। ਫਿਰ ਪਾਂਡੋਕੇਸ਼ਰ ਦੇ ਸਾਹਮਣੇ, ਅਲਕਾਨੰਦਾ ਨਦੀ ਦੇ ਪਾਰ, ਇਕ ਗਿਆਰਾਂ ਹਜ਼ਾਰ ਫੁੱਟ ਦੀ ਉੱਚੀ ਚੋਟੀ ਪਰ ਜਾ ਕੇ, ਅਖ਼ੀਰਲੀ ਵੇਰ ਜੂਆ ਖੇਲ੍ਹਿਆ। ਇਸ ਥਾਂ ਪਰ ਚੌਪੜ ਦੀਆਂ ਪੱਥਰ ਪਰ ਲਕੀਰਾਂ ਹੁਣ ਵੀ ਦੇਖੀਆਂ ਜਾ ਸਕਦੀਆਂ ਹਨ। ਪਾਂਡੋਕੇਸ਼ਰ ਤੋਂ ਥੋੜ੍ਹਾ ਅੱਗੇ ਚਲ ਕੇ, ਹਨੂਮਾਨ ਚੋਟੀ ਦੇ ਪਾਸ, ਇੰਦਰ ਦੇ ਖ਼ਜ਼ਾਨਚੀ "ਕੁਬੇਰ" ਤੋਂ ਧਨ ਲੈ ਕੇ, ਇਨ੍ਹਾਂ ਨੇ ਫਿਰ ਅਖ਼ੀਰ ਵਿਚ ਯੱਗ ਕੀਤਾ। ਇਸ ਜੰਗਲ ਵਿਚ ਹੁਣ ਵੀ ਕਿਤੇ ਕਿਤੇ ਜ਼ਮੀਨ ਦੇ ਹੇਠੋਂ ਕੋਲੇ ਨਿਕਲ ਆਉਂਦੇ ਹਨ। ਫਿਰ ਇਹ ਪੰਜੇ ਪਾਂਡਵ, ਦਰੋਪਦੀ ਸਣੇ ਅਗੇ ਚਲ ਪਏ। ਪਹਿਲਾਂ ਦਰੋਪਦੀ ਨੇ ਕੰਚਨ ਗੰਗਾ ਪਰ ਸਰੀਰ ਛੱਡਿਆ। ਫਿਰ ਬਦਰੀਨਾਥ ਤੋਂ ਅੱਗੇ ਚਲ ਕੇ ਚਵ੍ਹਾਂ ਪਾਂਡਵਾਂ ਨੇ ਇਕ ਇਕ ਕਰ ਕੇ ਬਰਫ਼ ਵਿਚ ਸਰੀਰ ਤਿਆਗ ਦਿੱਤਾ। ਮਹਾਂਭਾਰਤ ਦੀ ਕਹਾਣੀ

ਅਨੁਸਾਰ, ਪੰਜਵਾਂ ਪਾਂਡਵ ਯੁਧਿਸ਼ਟਰ ਆਪਣੇ ਕੁੱਤੇ ਸਮੇਤ, ਸਵਰਗ ਲੋਕ ਵਿਚ ਚਲਾ ਗਿਆ। ਬਦਰੀਨਾਥ ਤੋਂ ੧੪ ਮੀਲ ਅੱਗੇ ਜਾ ਕੇ, ਇਹ ਇਕ ੧੩ ਹਜ਼ਾਰ ਫੁਟ ਉੱਚੀ ਚੋਟੀ ਪਰ ਚੜ੍ਹ ਗਿਆ, ਜਿੱਥੇ ਕਿ ਸੂਰਜ-ਕੁੰਟ ਨਾਮ ਦਾ ਸਰੋਵਰ ਵੀ ਹੈ। ਫਿਰ ਉਸ ਦਾ ਕੁਝ ਪਤਾ ਨਹੀਂ ਚਲਿਆ। ਇਸ ਪਹਾੜ ਪਰ ਜਾਣ ਦੇ ਰਸਤੇ ਨੂੰ ਹੁਣ ਤਕ "ਸਵਰਗੋ-ਰੋਹਣੀ" (ਸਵਰਗ ਨੂੰ ਜਾਣ ਦਾ ਰਸਤਾ) ਕਹਿੰਦੇ ਹਨ।

ਮਹਾਂਭਾਰਤ ਦੇ ਪਹਿਲੇ ਪਰਬ ਅਧਿਆਇ ੧੧੯ ਦੇ ਅਨੁਸਾਰ, ਰਾਜਾ ਪੰਡੂ ਨੇ ਤਪ ਉਤਰਾਖੰਡ ਆ ਕੇ, ਸ੍ਰੀ ਹੇਮਕੁੰਟ ਸਪਤਸ੍ਰਿੰਗ ਪਰਬਤ ਦੀ ਜੜ੍ਹ ਪਰ ਕੀਤਾ, ਜਿਥੇ ਕਿ ਹੁਣ ਤਕ ਉਸ ਦੀ ਤਪ-ਸ਼ਿਲਾ ਮੌਜੂਦ ਹੈ। ਇਹ ਥਾਂ ਭਿਉਂਡਾਰ ਅਤੇ ਘਾਂਗਰੀਆ ਦੇ ਵਿਚਕਾਰ ਹੈ। ਇਸ ਥਾਂ ਕੰਦ-ਮੂਲ ਬਹੁਤ ਪੈਦਾ ਹੁੰਦਾ ਹੈ, ਜਿਸ ਦਾ ਆਹਾਰ ਰਾਜਾ ਕਰਦਾ ਸੀ। ਮੰਨਿਆ ਜਾਂਦਾ ਹੈ ਕਿ ਰਿਸ਼ੀ ਮੁਨੀ ਉਸ ਦੀ ਰਖਿਆ ਕਰਦੇ ਸਨ। ਉਸ ਦੇ ਨਾਉਂ ਪਰ ਇਕ ਮੰਦਰ ਪਾਂਡੋਕੇਸ਼ਰ, ਚਲਦੇ ਰਸਤੇ ਪਰ, ਚਿੰਨ੍ਹ ਮਾਤਰ ਬਣਾਇਆ ਗਿਆ, ਜਿਥੇ ਕਿ ਯਾਤਰੂ ਆਸਾਨੀ ਨਾਲ ਪਹੁੰਚ ਸਕਣ। ਉਂਜ ਪਾਂਡੋਕੇਸ਼ਰ ਸਪਤਸ੍ਰਿੰਗ ਪਰਬਤ ਪਰ ਨਹੀਂ, ਸਗੋਂ ਅਲਕਾਨੰਦਾ ਤੋਂ ਪਾਰ ਇਕ ਹੋਰ ਨਾਉਂ ਦੇ ਪਰਬਤ ਪਰ ਹੈ। ਇਸ ਥਾਂ ਕੰਦ-ਮੂਲ ਵੀ ਪੈਦਾ ਨਹੀਂ ਹੁੰਦੇ।

ਸ੍ਰੀ ਹੇਮਕੁੰਟ ਤੋਂ ਚਾਰ ਮੀਲ (ਕਾਉਂਉਡਾਰੀ) ਦੇ ਫ਼ਾਸਲੇ ਪਰ ਕਾਗ-ਭਸੁੰਡ ਨਾਮੀ ਪਰਬਤ ਹੈ, ਜਿਥੇ ਕਿ ਕਾਗ-ਭਸੁੰਡ ਹੁਣ ਵੀ ਨਿਵਾਸ ਕਰਦਾ ਹੈ, ਜੋ ਅਮਰ ਹੋ ਚੁੱਕਾ ਮੰਨਿਆ ਜਾਂਦਾ ਹੈ। ਪਹਾੜ ਦੇ ਲੋਕਾਂ ਵਿਚ ਇਸ ਸੰਬੰਧੀ ਕਈ ਰਵਾਇਤਾਂ ਚਲੀਆਂ ਆਉਂਦੀਆਂ ਹਨ। ਇਸ ਪਰਬਤ ਦੀ ਉਚਾਈ ਸ੍ਰੀ ਹੇਮਕੁੰਟ ਨਾਲੋਂ ਕੁਝ ਵਧ ਹੈ। ਇਸ ਪਰ ਵੀ ਇਕ ਸਰੋਵਰ ਹੈ, ਜਿਸ ਦੀ ਲੰਬਾਈ ਬਹੁਤੀ ਹੈ ਤੇ ਚੌੜਾਈ ਘਟ। ਰਸਤਾ ਬਹੁਤ ਕਠਿਨ ਹੋਣ ਕਰਕੇ ਕੋਈ ਕੋਈ ਪਹਾੜੀ ਯਾਤਰੂ ਉਥੇ ਜਾਂਦਾ ਹੈ। ਅੱਧ ਵਿਚ ਜਾ ਕੇ ਰਾਤ ਕਿਸੇ ਬਕਰੀਆਂ ਚਾਰਨ ਵਾਲੇ ਦੀ ਝੌਂਪੜੀ ਵਿਚ ਠਹਿਰਨਾ ਪੈਂਦਾ ਹੈ। ਇਸ ਪਰਬਤ ਪਰ ਕੰਦ ਮੂਲ ਬਹੁਤ ਉਗਦੇ ਹਨ, ਜਿਨ੍ਹਾਂ ਨੂੰ ਖਾਣ ਵਾਸਤੇ ਰਿੱਛ ਇਥੇ ਅਕਸਰ ਆ ਜਾਂਦੇ ਹਨ।

ਸੁਮੇਰ ਪਰਬਤ ਨੂੰ ਜਾਂਦੇ ਹੋਏ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਗ ਭਸੁੰਡ ਨੂੰ ਇਥੇ ਹੀ ਦਰਸ਼ਨ ਦਿੱਤੇ ਸਨ। ਇਥੇ ਹੀ ਇੰਦਰ ਲੋਕ ਦੇ ਦੇਵਤਿਆਂ ਨੇ ਆ ਕੇ ਗੁਰੂ ਮਹਾਰਾਜ ਦੀ ਪੂਜਾ ਕੀਤੀ ਸੀ। ਕਾਗ ਭਸੁੰਡ ਪਰਬਤ ਤੋਂ ਗੋਬਿੰਦ ਘਾਟ ਦੇ ਪੱਛਮ

ਵਾਲੇ ਪਾਸੇ ਦੇ ਪਹਾੜ ਦੀ ਚੋਟੀ ਤੋਂ ਹੁੰਦੇ ਹੋਏ ਗੁਰੂ ਸਾਹਿਬ ਸੁਮੇਰ ਪਰਬਤ ਨੂੰ ਗਏ ਸਨ।

ਅਜਿਹੇ ਉਤਰਾਖੰਡ ਦੀ ਅਸਥੂਲ ਧਰਤੀ ਨੂੰ ਦੇਵ ਲੋਕ ਦੀ ਛੁਹ ਇਕ ਅਦਭੁਤ ਮਨੋਰੰਜਕ ਸੁੰਦਰਤਾ ਪ੍ਰਦਾਨ ਕਰ ਰਹੀ ਹੈ, ਜਿਵੇਂ ਕਿ ਕਿਸੇ ਉੱਤਮ ਆਤਮਾ ਦੀ ਝਲਕ, ਅਸਥੂਲ ਸਰੀਰ ਪਰ ਪੈ ਕੇ ਇਕ ਅਨੋਖਾ ਰੰਗ ਚੜ੍ਹਾਉਂਦੀ ਹੈ।

ਇਸ ਸਾਰੀ ਸੈਟਿੰਗ ਵਿਚ, ਸ੍ਰੀ ਹੇਮਕੁੰਟ ਪਰਬਤ ਦੀ ਵਿਸ਼ੇਸ਼ਤਾ ਉਚੇਚੀ ਹੀ ਪ੍ਰਕਾਸ਼ਦੀ ਹੈ, ਜਿਵੇਂ ਸੋਨੇ ਦੇ ਗਹਿਣੇ ਵਿਚ ਜੜਿਆ ਹੋਇਆ ਇਕ ਕੀਮਤੀ ਨਗ ਸੁਭਾਇਮਾਨ ਹੁੰਦਾ ਹੈ। ਇਸ ਦਾ ਕਾਰਨ, ਇਸ ਪਰਬਤ ਪਰ ਇਕ ਅਨੋਖੇ ਮਹਾਂ ਰਿਸ਼ੀ ਦਾ ਬਹੁਤ ਸਮਾਂ ਤਪ ਕਰਨਾ ਹੈ, ਜੋ ਅੰਤ ਵਿਚ ਅਕਾਲ ਪੁਰਖ ਨਾਲ ਇਕ ਹੋ ਗਿਆ। ਇਸ ਮਹਾਂ ਰਿਸ਼ੀ ਦਾ ਨਾਉਂ "ਦੁਸ਼ਟ-ਦਮਨ" ਸੀ।

# ਦੁਸ਼ਟ-ਦਮਨ ਕੌਣ ਸੀ ?

ਪੁਰਾਣਕ ਕਥਾਵਾਂ ਅਨੁਸਾਰ ਇਸ ਦਾ ਵਰਣਨ ਇਸ ਤਰ੍ਹਾਂ ਹੈ :

ਹਮੇਸ਼ਾ ਤੋਂ ਹੀ ਦੇਵਤਿਆਂ ਅਤੇ ਦੈਂਤਾਂ ਦੇ ਵਿਚਕਾਰ, ਸਮੇਂ ਸਮੇਂ ਯੁੱਧ ਹੁੰਦਾ ਆਇਆ ਹੈ। ਲੋੜ-ਅਨੁਸਾਰ, ਅਸ਼ਟਭੁਜੀ ਦੇਵੀ (ਦੁਰਗਾ) ਇਨ੍ਹਾਂ ਯੁੱਧਾਂ ਵਿਚ ਦੇਵਤਿਆਂ ਦੀ ਸਹਾਇਤਾ ਕਰਦੀ ਅਤੇ ਦੈਂਤਾਂ ਨੂੰ ਨਾਸ਼ ਕਰ ਕੇ ਦੇਵਤਿਆਂ ਦੀ ਜਿੱਤ ਕਰਾਉਂਦੀ। ਇਕ ਸਮਾਂ ਅਜਿਹਾ ਆਇਆ ਕਿ ਦੈਂਤ ਬਹੁਤ ਪਰਬਲ ਹੋ ਗਏ ਅਤੇ ਬਹੁਤ ਸਮਾਂ ਯੁੱਧ ਕਰਨ ਅਤੇ ਲੱਖਾਂ ਦੈਂਤ ਨਾਸ਼ ਕਰਨ ਪਰ ਵੀ ਦੇਵੀ ਸਫਲ ਨਾ ਹੋ ਸਕੀ। ਰਕਤਬੀਜ ਦੈਂਤ ਦਾ ਜ਼ਖ਼ਮੀ ਹੋ ਕੇ ਜਦ ਖ਼ੂਨ ਧਰਤੀ ਪਰ ਡਿਗਦਾ ਤਾਂ ਉਸ ਤੋਂ ਅਨੇਕਾਂ ਦੈਂਤ ਹੋਰ ਪੈਦਾ ਹੋ ਜਾਂਦੇ। ਆਖ਼ਰ ਥਕਤ ਹੋ ਕੇ ਦੇਵੀ ਯੁੱਧ ਵਿਚੋਂ ਭਜ ਕੇ ਕਿਸੇ ਥਾਂ ਜਾ ਛੁਪੀ। ਲਾਚਾਰ ਹੋਏ ਦੇਵਤੇ ਬ੍ਰਹਮਾ ਦੇ ਪਾਸ ਪਹੁੰਚੇ, ਜਿਸ ਨੇ ਇਨ੍ਹਾਂ ਨੂੰ ਸਮੁੰਧ ਨਾਮੀ ਪਰਬਤ ਪਰ ਜਾ ਕੇ, ਸਮੁੰਧ ਰਿਸ਼ੀ ਤੋਂ ਸਹਾਇਤਾ ਮੰਗਣ ਲਈ ਸਲਾਹ ਦਿੱਤੀ। (ਇਸ ਸਮੁੰਧ ਰਿਸ਼ੀ ਦੇ ਨਾਉਂ ਪਰ ਪਰਬਤ ਦਾ ਨਾਉਂ ਹੁਣ ਤਕ 'ਸਮੁੰਧ ਪਰਬਤ' ਹੈ।)

ਪ੍ਰੇਸ਼ਾਨੀ ਵਿਚ ਵਿਆਕੁਲ ਹੋਏ ਦੇਵਤੇ ਇਸ ਰਿਸ਼ੀ ਪਾਸ ਪਹੁੰਚੇ ਅਤੇ ਸਾਰੀ ਵਿਥਿਆ ਸੁਣਾਈ। ਰਿਸ਼ੀ ਨੇ ਕਿਹਾ ਕਿ ਮੈਂ ਇਸ ਸਮੇਂ ਤਪ ਕਰ ਰਿਹਾ ਹਾਂ, ਇਸ ਕਰਕੇ ਸ਼ਸਤ੍ਰ ਗ੍ਰਹਿਣ ਨਹੀਂ ਕਰ ਸਕਦਾ, ਪਰ ਹੁਣ ਜੋ ਤੁਸੀਂ ਆਏ ਹੋ, ਮੈਂ ਤੁਹਾਨੂੰ ਨਿਰਾਸ਼ ਨਹੀਂ ਕਰਨਾ ਚਾਹੁੰਦਾ ਅਤੇ ਤੁਹਾਡੀ ਸਹਾਇਤਾ ਵਾਸਤੇ ਇਕ "ਸ਼ਕਤੀ" ਦੇਂਦਾ ਹਾਂ। ਇਹ ਆਖ ਕੇ ਰਿਸ਼ੀ ਨੇ ਆਪਣੇ ਤਪ ਤੇਜ ਦੇ ਬਲ ਨਾਲ ਅਕਾਲ ਪੁਰਖ ਦੀ ਅਰਾਧਨਾ ਕੀਤੀ। ਉਸ ਸਮੇਂ ਇਕ ਪ੍ਰਕਾਸ਼ ਹੋਇਆ, ਜਿਸ ਵਿਚੋਂ ਇਕ ਮਹਾਂਬਲੀ ਤੇਜਸਵੀ ਸਰੂਪ ਪ੍ਰਗਟ ਹੋਇਆ, ਜਿਸ ਨੂੰ ਅਸੀਂ ਇਕ 'ਸ਼ਕਤੀ' ਦਾ ਨਾਮ ਦੇਂਦੇ ਹਾਂ। ਰਿਸ਼ੀ ਨੇ ਇਸ ਸ਼ਕਤੀ ਨੂੰ ਦੇਵਤਿਆਂ ਦੀ ਸਹਾਇਤਾ ਹਿੱਤ, ਦੈਂਤਾਂ ਨਾਲ ਯੁੱਧ ਕਰਨ ਵਾਸਤੇ ਭੇਜਿਆ। ਦੇਵਤੇ ਬਹੁਤ ਪ੍ਰਸੰਨ ਹੋਏ ਅਤੇ ਇਸ ਸ਼ਕਤੀ ਨੂੰ ਨਾਲ ਲੈ ਕੇ ਰਣ-ਭੂਮੀ ਵਿਚ ਪਹੁੰਚੇ। ਸ਼ਕਤੀ ਨੇ ਬਲ ਸਹਿਤ ਪਹਿਲੇ ਰਕਤਬੀਜ ਦੈਂਤ ਨੂੰ ਵੰਗਾਰ ਕੇ ਉਸ ਦਾ ਨਾਸ਼ ਕੀਤਾ, ਮਗਰੋਂ ਦੈਂਤਾਂ ਨਾਲ ਭਿਆਨਕ ਯੁੱਧ ਕਰ ਕੇ ਉਨ੍ਹਾਂ ਨੂੰ ਮਾਰ ਖਪਾਇਆ। ਜੋ ਭਜ ਗਏ ਸੋ ਬਚੇ। ਇਸ ਤਰ੍ਹਾਂ ਦੇਵਤਿਆਂ ਨੂੰ ਜਿੱਤ ਦਿਵਾਈ। ਇਸ ਸ਼ਕਤੀ ਦਾ ਨਾਉਂ "ਦੁਸ਼ਟ-ਦਮਨ" ਹੋਇਆ।

ਇਸ ਯੁੱਧ ਦੇ ਮਗਰੋਂ ਦੁਸ਼ਟ-ਦਮਨ ਨੂੰ ਅਕਾਲ ਪੁਰਖ ਵਲੋਂ ਆਗਿਆ ਹੋਈ ਕਿ ਸ੍ਰੀ ਹੇਮਕੁੰਟ ਸਪਤਸ੍ਰਿੰਗ ਪਰਬਤ ਪਰ ਜਾ ਕੇ ਤਪ ਸਾਧਣ। ਇਸ ਤੋਂ ਅਗਲਾ ਹਾਲ ਦਸਮੇਸ਼ ਪਿਤਾ ਜੀ ਨੇ ਖ਼ੁਦ ਹੀ, ਸੰਖੇਪ ਜਿਹਾ, "ਬਚਿਤ੍ਰ ਨਾਟਕ" ਵਿਚ ਵਰਣਨ ਕੀਤਾ ਹੈ, ਜੋ ਜਾਣਕਾਰੀ ਦਾ ਇਛਾਵੰਦ ਹਰ ਕੋਈ ਪੜ੍ਹ ਸਕਦਾ ਹੈ, ਕਿ ਕਿਵੇਂ ਬਹੁਤ ਸਮਾਂ ਤਪ ਕਰਨ ਦੇ ਮਗਰੋਂ ਸ੍ਰੀ ਅਕਾਲ ਪੁਰਖ ਦੇ ਨਾਲ ਇਕ ਰੂਪ ਹੋ ਗਏ ਅਤੇ ਆਪ ਨੂੰ ਮਾਤਲੋਕ ਵਿਚ ਜਾ ਕੇ ਇਕ "ਵਾਹਿਗੁਰੂ ਦਾ ਪੰਥ" ਚਲਾਉਣ ਅਤੇ ਜ਼ੁਲਮ ਦੀ ਵਗ ਰਹੀ ਕਾਲੀ ਅੰਨ੍ਹੀ ਹਨ੍ਹੇਰੀ ਨੂੰ ਠਰ੍ਹੰਮਣ ਦੀ ਆਗਿਆ ਹੋਈ।

ਇਹ ਭੁਲੇਖਾ ਨਾ ਰਹਿ ਜਾਏ ਕਿ ਦੁਸ਼ਟ-ਦਮਨ ਕੋਈ ਪੰਜ ਤੱਤਾਂ ਦਾ ਵਜੂਦ ਸਨ। ਪੰਜ-ਭੂਤਕ ਸਰੀਰ ਵਿਚ ਬਾਰ੍ਹਾਂ ਮਹੀਨੇ ਬਰਫ਼ਾਂ ਵਿਚ ਨਹੀਂ ਰਿਹਾ ਜਾ ਸਕਦਾ, ਜਿਥੇ ਕਿ ੪੦-੫੦ ਫੁਟ ਤੋਂ ਵਧ ਬਰਫ਼ ਪੈ ਜਾਂਦੀ ਹੈ, ਅਤੇ ਨਾ ਹੀ ਸੂਖਮ ਸਰੀਰ ਵਾਲੇ ਦੈਂਤਾਂ ਨਾਲ, ਸਥੂਲ ਸਰੀਰ ਨਾਲ ਯੁਧ ਕੀਤਾ ਜਾ ਸਕਦਾ ਹੈ। ਉਸ ਸਮੇਂ ਆਪ ਦਾ ਸਰੂਪ "ਸੂਖਮ" ਸੀ।

# ਸ੍ਰੀ ਹੇਮਕੁੰਟ ਦਾ ਲੱਭਣਾ

ਸੱਚ ਪੁੱਛੋ ਤਾਂ ਸ੍ਰੀ ਹੇਮਕੁੰਟ ਦੀ "ਭਾਲ" ਵਾਲੀ ਗੱਲ ਵਿਸ਼ੇਸ਼ਤਾ ਨਹੀਂ ਰੱਖਦੀ, ਜਦ ਕਿ ਸਤਿਗੁਰਾਂ ਨੇ ਹੇਮਕੁੰਟ, ਸਪਤਸ੍ਰਿੰਗ ਅਤੇ ਪੰਡ-ਰਾਜ ਦੇ ਜੋਗ ਸਾਧਨ ਦੀਆਂ ਨਿਸ਼ਾਨੀਆਂ ਦੱਸ ਕੇ, ਆਪ ਹੀ ਆਪਣੇ ਤਪ-ਅਸਥਾਨ ਦਾ ਟਿਕਾਣਾ ਸਪੱਸ਼ਟ ਕਰ ਦਿੱਤਾ ਹੈ। ਜੋ ਸਜਨ ਭੀ ਪਾਂਡੋਕੇਸ਼ਰ ਨਗਰੀ ਨੂੰ ਜਾਣਦਾ ਹੈ, ਉਹ ਸਥਾਨਕ ਵਸਨੀਕਾਂ ਤੋਂ ਉਪ੍ਰੋਕਤ ਨਿਸ਼ਾਨੀਆਂ ਦਾ ਪਤਾ ਕਰ ਸਕਦਾ ਹੈ, ਜੋ ਦੇਸ਼ ਭਰ ਵਿਚ ਹੋਰ ਕਿਸੇ ਥਾਂ ਇਕੱਠੀਆਂ ਨਹੀਂ ਮਿਲਦੀਆਂ। ਕਠਨਾਈ ਹੈ ਸੀ ਤਾਂ ਕੇਵਲ ਉਸ ਬਿਖੜੇ ਅਸਥਾਨ ਤਕ ਪਹੁੰਚਣ ਦੀ ਸੀ। ਉਂਜ ਆਧੁਨਿਕ ਸਮੇਂ ਨੂੰ ਜੇ ਵਧੇਰੇ ਗਹੁ ਨਾਲ ਦੇਖਿਆ ਜਾਏ ਤਾਂ ਇਹ ਤਲਾਸ਼ ਕਿਸੇ ਇਕ ਦੇ ਨਾਉਂ ਨਹੀਂ ਥਾਪੀ ਜਾ ਸਕਦੀ। ਇਹ ਇਕ Collective thinking (ਸਾਂਝੇ ਉੱਦਮ) ਦਾ ਨਤੀਜਾ ਸੀ।

ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਸ੍ਰੀ ਦਸਮੇਸ਼ ਜੀ ਦੇ ਆਪਣੇ ਪ੍ਰਗਟ ਕਰਨ ਤੋਂ ਸੈਂਕੜੇ ਵਰ੍ਹੇ ਪਹਿਲਾਂ ਹੀ ਸ਼ੰਕਰਾਚਾਰਯਾ ਨੇ ਪਤਾ ਦਿਤਾ ਕਿ ਇਸ ਅੱਸਥਾਨ ਪਰ ਕੋਈ ਅਦਭੁਤ ਬਹੁਤ ਉੱਚੇ ਮਹਾਂਰਿਸ਼ੀ ਤਪ ਕਰ ਰਹੇ ਹਨ।

ਸ਼ੰਕਰਾਚਾਰਯਾ, ਇਕ ਦੱਖਣੀ ਬ੍ਰਾਹਮਣ, ਬਹੁਤ ਵਿਦਵਾਨ ਅਤੇ ਅਭਿਆਸੀ ਸੱਜਣ ਸੀ, ਜਿਸ ਨੂੰ ਹਿੰਦੂ ਵੀਰ, ਸ਼ਿਵ ਜੀ ਦਾ ਅਵਤਾਰ ਮੰਨਦੇ ਹਨ। ਆਪਣੀ ਵਿਦਵਤਾ ਭਰੀ ਚਰਚਾ ਦੁਆਰਾ ਬੁੱਧ ਮਤ ਨੂੰ ਦੇਸ਼ ਵਿਚੋਂ ਦੂਰ ਕਰ ਕੇ ਇਹ ਸੱਜਣ ਉਤਰਾਖੰਡ ਪਹੁੰਚਾ, ਬਦਰੀਨਾਥ ਦਾ ਮੰਦਰ ਅਸਥਾਪਤ ਕੀਤਾ ਅਤੇ ਪਾਂਡੋਕੇਸ਼ਰ ਵਿਚ ਇਕ ਹੋਰ ਮੰਦਰ ਰਾਜਾ ਪੰਡੂ ਦੀ ਯਾਦ ਵਿਚ ਬਣਾਇਆ। ਇਥੇ ਆ ਕੇ ਇਸ ਨੂੰ ਦੁਸ਼ਟ-ਦਮਨ ਦੇ ਸ੍ਰੀ ਹੇਮਕੁੰਟ ਪਰ ਤਪ ਸਾਧਨ ਦਾ ਅਨੁਭਵ ਹੋਇਆ ਅਤੇ ਇਹ ਥਾਂ ਪੂਜਣ ਯੋਗ ਸਮਝ ਕੇ, ਇਥੇ ਆ ਕੇ, ਇਸ ਟਿਕਾਣੇ ਇਕ ਮੂਰਤੀ ਅਸਥਾਪਨ ਕੀਤੀ। ਉਸ ਸਮੇਂ ਤੋਂ ਹੀ ਪਹਾੜ-ਵਾਸੀ ਲੋਕਾਂ ਵਿਚ ਇਸ ਅਸਥਾਨ ਦੀ ਮਾਨਤਾ ਤੇ ਯਾਤਰਾ ਸ਼ੁਰੂ ਹੋ ਗਈ। ਸਮੇਂ ਦੇ ਹਨ੍ਹੇਰੇ ਵਿਚ ਇਹ ਲੋਕ ਭੁਲ ਗਏ ਕਿ ਉਹ ਦਰਅਸਲ ਦੁਸ਼ਟ-ਦਮਨ ਦੀ ਪੂਜਾ ਕਰ ਰਹੇ ਹਨ। ਜਿਹੜੀ ਮੂਰਤੀ ਸ਼ੰਕਰਾਚਾਰਯਾ ਨੇ ਇਥੇ ਰੱਖੀ ਸੀ ਉਹ ਤਾਂ ਗੁਆਚ ਗਈ। ਉਸ ਦੇ ਮਗਰੋਂ ਸੈਂਕੜੇ ਮੂਰਤੀਆਂ ਚੋਰੀ ਹੁੰਦੀਆਂ ਰਹੀਆਂ ਅਤੇ ਨਵੀਆਂ ਲਿਆ ਕੇ ਇਥੇ ਰੱਖ ਦਿੱਤੀਆਂ

ਗਈਆਂ। ਅੱਜ ਦੇ ਪਹਾੜੀ ਲੋਕ ਠੀਕ ਨਹੀਂ ਦਸ ਸਕਦੇ ਕਿ ਇਥੇ ਤਪ ਕਿਸ ਨੇ ਕੀਤਾ। ਕੱਟੜਪੁਣੇ ਦੇ ਸ਼ੀਸ਼ੇ ਵਿਚੋਂ, ਕਦੇ ਲਛਮਨ ਜੀ ਅਤੇ ਕਦੇ ਸ਼ਿਵ ਜੀ ਦੱਸਦੇ ਹਨ। ਪਰ ਲਛਮਨ ਜੀ ਨੇ ਕਦੇ ਤਪ ਨਹੀਂ ਕੀਤਾ, ਉਹ ਆਪਣੇ ਵੱਡੇ ਭਰਾ ਨੂੰ ਛੱਡ ਨਹੀਂ ਸੀ ਸਕਦੇ। ਸ਼ਿਵ ਜੀ ਅੱਜ ਵੀ ਕੈਲਾਸ਼ ਪਰ ਮੌਜੂਦ ਹਨ, ਉਹ ਕੈਲਾਸ਼ ਨੂੰ ਛੱਡ ਨਹੀਂ ਸਕਦੇ।

ਪੁਰਾਤਨ ਸਮੇਂ ਦੇ ਸਿੰਘ ਯੁੱਧਾਂ ਵਿਚ ਰੁਝੇ ਰਹੇ, ਦੇਸ਼ ਦੇ ਗੁਰਦੁਆਰੇ ਹੀ ਸੰਭਾਲਣੇ ਮੁਸ਼ਕਲ ਹੋ ਰਹੇ ਸਨ। ਜਦ ਕੁਝ ਠਰ੍ਹੰਮਾ ਹੋਇਆ ਤਾਂ ਸੰਸਕ੍ਰਿਤ ਦੇ ਵਿਦਵਾਨ ਸਿੰਘ, ਜੋ ਹਿੰਦੂ ਤੀਰਥਾਂ ਦੀ ਯਾਤ੍ਰਾ ਕਰਦੇ ਰਹਿੰਦੇ ਸਨ, ਬਦਰੀਨਾਥ ਵੀ ਪਹੁੰਚੇ। ਪਾਂਡੋਕੇਸ਼ਰ ਪਹੁੰਚ ਕੇ, ਸਤਿਗੁਰਾਂ ਦੇ "ਬਚਿਤ੍ਰ ਨਾਟਕ" ਵਿਚ ਵਰਣਨ ਕੀਤੇ ਦੀ ਯਾਦ ਆਉਂਦੀ, ਸ੍ਰੀ ਹੇਮਕੁੰਟ ਟਿਕਾਣੇ ਦਾ ਅਨੁਮਾਨ ਲਾ ਲੈਂਦੇ, ਪਰ ਇਥੇ ਪਹੁੰਚਣਾ ਕਠਨ ਸੀ। ਪੰਡਤ ਤਾਰਾ ਸਿੰਘ ਨਰੋਤਮ, ਕਿਉਂਕਿ ਲਿਖਾਰੀ ਵੀ ਸਨ, ਇਸ ਕਰਕੇ ਉਨ੍ਹਾਂ ਨੇ ਆਪਣੀ ਲਿਖਤ ਵਿਚ ਇਸ ਅਸਥਾਨ ਦਾ ਵਰਣਨ ਕੀਤਾ ਅਤੇ ਸਿੰਘਾਂ ਵਿਚ ਇਸ ਸੰਬੰਧੀ ਚਰਚਾ ਹੋਣ ਲੱਗੀ।

ਮੇਰੀ ਗਿਆਤ ਅਨੁਸਾਰ, ਸ੍ਰੀ ਹੇਮਕੁੰਟ ਪਹੁੰਚਣ ਵਾਲਾ ਸਭ ਤੋਂ ਪਹਿਲਾ ਸਿੱਖ, ਪਟਿਆਲੇ ਰਾਜ ਘਰਾਣੇ ਵਿਚੋਂ, ਸੰਤ ਅਤਰ ਸਿੰਘ ਜੀ ਤੋਂ ਵਰੋਸਾਇਆ ਹੋਇਆ ਇਕ ਸੰਤ ਸੀ, ਜੋ ਸੰਨ ੧੯੨੦ ਵਿਚ ਇੱਥੇ ਆ ਪਹੁੰਚਾ। ਉਸ ਵੇਲੇ ਸਰਦੀਆਂ ਦਾ ਮੌਸਮ ਸ਼ੁਰੂ ਹੋ ਚੁੱਕਾ ਸੀ। ਜੋਸ਼ੀ ਮਠ ਦੇ ਅਹਿਲਕਾਰਾਂ ਅਤੇ ਪੁਲਿਸ ਨੇ ਉਥੇ ਜਾਣ ਤੋਂ ਵਰਜਿਆ, ਪਰ ਉਹ ਨਹੀਂ ਮੰਨੇ। ਉਨ੍ਹਾਂ ਪਾਸ ਦੋ ਬਕਸ ਸਨ। ਇਕ ਵਿਚ ਪੁਸਤਕਾਂ ਅਤੇ ਦੂਜੇ ਵਿਚ ਰੇਸ਼ਮੀ ਬਸਤਰ ਸਨ, ਜੋ ਕਿ ਮਜ਼ਦੂਰ ਸ੍ਰੀ ਹੇਮਕੁੰਟ ਪਰ ਛੱਡ ਆਇਆ। ਨੇਤ ਨਾਲ, ਪਹਿਲੀ ਰਾਤ ਹੀ ੯-੧੦ ਫੁਟ ਬਰਫ਼ ਪੈ ਗਈ। ਬਰਫ਼ਾਂ ਢਲ ਜਾਣ ਪਰ, ਉਨ੍ਹਾਂ ਦੀ ਭਾਲ ਵਿਚ, ਜਦ ਪੁਲਿਸ ਸ੍ਰੀ ਹੇਮਕੁੰਟ ਪਹੁੰਚੀ ਤਾਂ ਦੋਵੇਂ ਬਕਸ, ਨਿਮੋਝੂਣੇ ਜਿਹੇ ਪਏ ਉਥੇ ਮਿਲੇ, ਪਰ ਸੰਤ ਜੀ ਦਾ ਸਰੀਰ ਨਹੀਂ ਮਿਲਿਆ (ਰਵਾਇਤ ਹੈ ਕਿ ਇਥੇ ਦੀਆਂ ਵਿਅਕਤੀਆਂ, ਇਥੇ ਕੋਈ ਮਿਰਤਕ ਸਰੀਰ ਨਹੀਂ ਰਹਿਣ ਦੇਂਦੀਆਂ)।

ਮਗਰੋਂ ਸੰਨ ੧੯੩੪ ਵਿਚ, ਟੀਹਰੀ ਗੜ੍ਹਵਾਲ ਦੇ ਸੰਤ ਸੋਹਣ ਸਿੰਘ ਸ੍ਰੀ ਹੇਮਕੁੰਟ ਆਏ ਅਤੇ ਡਾਕਟਰ ਭਾਈ ਸਾਹਿਬ ਵੀਰ ਸਿੰਘ ਜੀ ਦੀ ਮਾਨਸਕ ਅਤੇ ਆਰਥਿਕ ਸਹਾਇਤਾ ਨਾਲ, ਇਸ ਅਸਥਾਨ ਪਰ ਗੁਰਦੁਆਰਾ ਅਸਥਾਪਨ ਕੀਤਾ।

ਜਿਥੇ ਗੁਰਦੁਆਰਾ ਬਣਾਇਆ ਗਿਆ, ਉਥੇ ਇਕ ਸ਼ਿਲਾ ਪਈ ਹੋਈ ਸੀ। ਜਦ ਇਹ ਪਰਚਾਰ ਹੋਣ ਲੱਗਾ ਕਿ ਇਹ ਦੁਸ਼ਟ-ਦਮਨ ਜੀ ਦੀ ਤਪ-ਸ਼ਿਲਾ ਹੈ, ਤਾਂ ਕੁਝ ਵਿਰੋਧੀ ਅਨਸਰਾਂ ਨੇ ਇਸ ਸ਼ਿਲਾ ਨੂੰ ਚੁੱਕ ਕੇ ਸਰੋਵਰ ਵਿਚ ਸੁੱਟ ਦਿੱਤਾ। ਸਰੋਵਰ ਦੇ ਅੰਦਰ ਦੂਰ ਤਕ ਜਾਣਾ ਸੰਭਵ ਨਹੀਂ ਸੀ। ਇਹ ਸ਼ਿਲਾ ਹੁਣ ਵੀ ਮੰਦਰ ਦੇ ਲਗਪਗ ਪਿਛਲੇ ਪਾਸੇ, ਸਰੋਵਰ ਦੇ ebb (ਪਾਣੀ ਦੇ ਉਤਾਰ ਸਮੇਂ) ਕਿਨਾਰੇ ਤੋਂ ੪-੫ ਫੁਟ ਦੇ ਫ਼ਾਸਲੇ ਪਰ ਪਈ ਦਿਸ ਆਉਂਦੀ ਹੈ।

ਦੁਸ਼ਟ-ਦਮਨ ਜੀ ਦੀ ਇਕ ਤਪ ਸ਼ਿਲਾ, ਸਾਹਮਣੇ ਦਿਸ ਰਹੇ, ਕਾਲੇ ਰੰਗ ਦੇ ਪਰਬਤ ਦੀ ੧੮ ਹਜ਼ਾਰ ਫੁਟ ਉੱਚੀ ਚੋਟੀ ਪਰ ਵੀ ਦੱਸੀ ਜਾਂਦੀ ਹੈ।

# ਪਹਾੜ ਦੇ ਲੋਕਾਂ ਦੀ ਯਾਤਰਾ

ਜਿਵੇਂ ਪਹਿਲੇ ਦੱਸਿਆ ਜਾ ਚੁੱਕਾ ਹੈ, ਪਹਾੜੀ ਸੱਜਣ ਬਹੁਤ ਪਿਛਲੇ ਸਮੇਂ ਤੋਂ ਸ੍ਰੀ ਹੇਮਕੁੰਟ ਦੀ ਯਾਤਰਾ ਕਰਦੇ ਆ ਰਹੇ ਹਨ। ਉਹ ਇਸ ਪਰਬਤ ਨੂੰ ਲੋਕਪਾਲ ਵੀ ਆਖਦੇ ਹਨ। ਪਹਾੜ ਦੇ ਲੋਕਾਂ ਤੋਂ ਬਿਨਾਂ ਹੋਰ ਹਿੰਦੂ ਵੀਰ, ਸਾਧੂ ਸੰਨਿਆਸੀ ਅਤੇ ਸੈਲਾਨੀ ਵੀ ਇਥੋਂ ਦੇ ਦਰਸ਼ਨਾਂ ਲਈ ਆਉਂਦੇ ਰਹਿੰਦੇ ਹਨ।

ਯਾਤਰਾ ਯੋਗ ਚਾਰ ਮਹੀਨਿਆਂ ਵਿਚ ਪਹਾੜੀ ਪ੍ਰੇਮੀਆਂ ਦੇ ਇਸ ਅਸਥਾਨ ਪਰ ਤਿੰਨ ਮੇਲੇ ਲਗਦੇ ਹਨ—ਭਾਦਰੋਂ ਦੀ ਸੰਗਰਾਂਦ, ਜਨਮ ਅਸ਼ਟਮੀ ਅਤੇ ਨੰਦਾ ਅਸ਼ਟਮੀ ਦੇ ਸਮੇਂ, ਜਦ ਕਿ ਇਹ ਲੋਕ ਬਹੁਗਿਣਤੀ ਵਿਚ ਇਕੱਠੇ ਹੋ ਕੇ ਆਉਂਦੇ ਹਨ। ਇਹ ਤਿੰਨੋਂ ਮੇਲੇ ਲੇਖਕ ਨੇ ਸਮੇਂ-ਸਮੇਂ ਦੇਖੇ ਹਨ। ਇਨ੍ਹਾਂ ਤਿੰਨਾਂ ਮੇਲਿਆਂ ਵਿਚ ਤਿੰਨ ਵੱਖਰੇ ਵੱਖਰੇ ਪਾਸੇ ਦੇ ਪਹਾੜ-ਵਾਸੀ ਇਕੱਠੇ ਹੋ ਕੇ ਆਉਂਦੇ ਹਨ। ਤਿੰਨ ਚਾਰ ਘੰਟਿਆਂ ਵਿਚ ਹੀ ਪ੍ਰਸ਼ਾਦ ਪੂਜਾ ਕਰ ਕੇ ਵਾਪਸ ਚਲੇ ਜਾਂਦੇ ਹਨ।

ਇਹ ਲੋਕ ਇਸ ਅਸਥਾਨ ਨੂੰ ਬਦਰੀਨਾਥ ਨਾਲੋਂ ਵੱਧ ਵਿਸ਼ੇਸ਼ ਸਮਝਦੇ ਅਤੇ ਅਦਬ ਰਖਦੇ ਹਨ। ਸਮੇਂ ਦੀ ਅਦਲਾ-ਬਦਲੀ ਅਤੇ ਦੇਖਾ-ਦੇਖੀ, ਹੁਣ ਭਾਵੇਂ ਕੁਝ ਫ਼ਰਕ ਪੈ ਗਿਆ ਹੈ, ਨਹੀਂ ਤਾਂ ਇਹ ਲੋਕ ਇਸ ਪਰਬਤ ਪਰ ਜੁੱਤੀ ਜਾਂ ਚਮੜੇ ਦੀ

ਹੋਰ ਕੋਈ ਚੀਜ਼ ਵੀ ਉੱਪਰ ਨਹੀਂ ਲਿਆਉਂਦੇ ਸਨ, ਜੇਬ ਦਾ ਚਮੜੇ ਦਾ ਬਟੂਆ ਤਕ ਹੇਠਾਂ ਘਾਗਰੀਆ ਛੱਡ ਜਾਂਦੇ ਸਨ। ਉਪਰ ਆ ਕੇ ਜੰਗਲ ਮੈਦਾਨ ਜਾਂ ਖਾਣ-ਪੀਣ ਨੂੰ ਠੀਕ ਨਹੀਂ ਸਨ ਸਮਝਦੇ। ਨੰਗੇ ਪੈਰ ਯਾਤਰਾ ਕਰਦੇ ਸਨ।

ਦੇਸ਼ ਭਰ ਵਿਚ ਇਹੋ ਇਕ ਅਸਥਾਨ ਹੈ ਜਿਥੇ ਕਿ ਹਿੰਦੂ ਵੀਰ ਪ੍ਰਸ਼ਾਦ ਤਿਹਾਵਲ (ਹਲਵੇ) ਦਾ ਅਰਪਨ ਕਰਦੇ ਹਨ, ਭਾਵੇਂ ਹੁਣ ਇਹ ਲੋਕ ਘਿਉ ਬਰਾਬਰ ਨਾਲੋਂ ਘਟ ਪਾਉਣ ਲੱਗ ਪਏ ਹਨ।

ਪੁਰਾਤਨ ਸਮੇਂ ਤੋਂ ਇਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਅਸਥਾਨ ਪਰ ਕੀਤੀ ਅਰਦਾਸ ਨਾਲ ਪੁਤ੍ਰ-ਕਾਮਨਾ ਪੂਰੀ ਹੁੰਦੀ ਹੈ। ਇਨ੍ਹਾਂ ਲੋਕਾਂ ਵਿਚ ਨਿਰਾਸਤਾ ਦੀ ਕੋਈ ਮਿਸਾਲ ਲੇਖਕ ਨੂੰ ਨਹੀਂ ਮਿਲੀ।

ਪਹਾੜ ਦੇ ਲੋਕਾਂ ਦਾ ਇਕ ਹੋਰ ਵਿਸ਼ਵਾਸ ਹੈ ਕਿ ਇਨ੍ਹਾਂ ਦੇ ਦੇਵਤੇ ਸ੍ਰੀ ਹੇਮਕੁੰਟ ਪਰ ਰਹਿੰਦੇ ਹਨ ਅਤੇ ਹਰ ਰੋਜ਼ ਸਵੇਰੇ ਦੋ ਵਜੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ ਅਤੇ ਕੋਈ ਮਨੁੱਖ ਇਕੱਲਾ, ਭਜਨ ਪਾਠ ਆਦਿਕ ਲਈ, ਇਥੇ ਆ ਕੇ ਰਹਿ ਨਹੀਂ ਸਕਦਾ। ਲੇਖਕ ਨੂੰ ਕਈ ਸੱਜਣ ਅਜਿਹੇ ਮਿਲੇ, ਜਿਨ੍ਹਾਂ ਨੇ ਕਿ ਉੱਪਰ ਰਹਿਣ ਦੀ ਕੋਸ਼ਿਸ਼ ਕੀਤੀ, ਪਰ ਪਹਿਲੀ ਰਾਤ ਨੂੰ ਹੀ ਉਨ੍ਹਾਂ ਨੂੰ ਭੈ ਦਿਤਾ ਗਿਆ ਅਤੇ ਉਹ ਰਾਤੋ-ਰਾਤ ਹੀ ਹੇਠਾਂ ਨਸ ਆਏ।

ਲੇਖਕ ਦਾ ਚੋਖਾ ਸਮਾਂ ਉੱਪਰ ਰਹਿਣਾ ਉਨ੍ਹਾਂ ਲਈ ਇਕ ਨਵੀਂ ਤੇ ਬਹੁਤ ਅਨੋਖੀ ਗੱਲ ਸੀ। ਇਸ ਕਰਕੇ ਜਦ ਲੇਖਕ ਸ੍ਰੀ ਹੇਮਕੁੰਟ ਪਰ ਹੁੰਦਾ ਤਾਂ ਕਈ ਪਹਾੜੀ ਸੱਜਣ ਅਤੇ ਬੀਬੀਆਂ, ਸੁੱਚਾ ਪ੍ਰਸ਼ਾਦ ਲੇਖਕ ਦੇ ਅੱਗੇ ਰੱਖ ਕੇ ਮੱਥਾ ਟੇਕ ਜਾਂਦੀਆਂ ਸਨ, ਖ਼ਾਸ ਤੌਰ ਪਰ ਮੇਲਿਆਂ ਦੇ ਸਮੇਂ ਜਦ ਕਿ ਦੂਰ ਦੂਰ ਤੋਂ ਆਉਣ ਵਾਲੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਸੁਗਾਤਾਂ ਵੀ ਲੈ ਕੇ ਆਉਂਦੇ, ਜਿਨ੍ਹਾਂ ਦਾ ਇਕ ਵੱਡਾ ਢੇਰ ਲੱਗ ਜਾਂਦਾ। ਇਹ ਸਭ ਕੁਝ ਉਨ੍ਹਾਂ ਵਿਚ ਹੀ ਵੰਡ ਦਿੱਤਾ ਜਾਂਦਾ ਸੀ। ਲੇਖਕ ਆਪਣੀ ਤੁੱਛਤਾ ਅਤੇ ਸਤਿਗੁਰਾਂ ਦੀ ਵਡਿਆਈ ਨੂੰ ਸਮਝਦਾ ਸੀ, ਪਰ ਉਨ੍ਹਾਂ ਦੇ ਪ੍ਰੇਮ ਤੇ ਸਤਿਕਾਰ ਨੂੰ ਦੇਖ ਕੇ ਚੁਪ ਕਰ ਰਹਿੰਦਾ ਤਾਂ ਜ ਉਨ੍ਹਾਂ ਦਾ ਕੱਟੜਪੁਣਾ ਘਟੇ।

ਪਹਾੜੀ ਮੇਲਿਆਂ ਦਾ ਵੇਰਵਾ, ਵਾਧੂ ਗੱਲ ਸਮਝ ਕੇ ਨਹੀਂ ਦਿੱਤਾ ਗਿਆ।

# ਸ੍ਰੀ ਹੇਮਕੁੰਟ ਮਾਦਾ-ਪ੍ਰਸਤ ਲਈ

ਕਈ ਸੈਲਾਨੀ ਇਸ ਪਰਬਤ ਦੀ ਕੁਦਰਤੀ ਸੁੰਦਰਤਾ ਦਾ ਦ੍ਰਿਸ਼ ਹੀ ਦੇਖਣ ਵਾਸਤੇ ਆਉਂਦੇ ਹਨ। ਘਾਟੀ ਚੜ੍ਹ ਕੇ ਸੀ ਹੇਮਕੁੰਟ ਦੇ ਮੈਦਾਨ ਦੇ ਕੰਢੇ ਪਰ ਪਹੁੰਚਦੇ ਹੀ, ਉਨ੍ਹਾਂ ਦੇ ਮੂੰਹ ਤੋਂ "ਵਾਹ-ਵਾਹ" ਦਾ ਸ਼ਬਦ ਆਪ-ਮੁਹਾਰਾ ਹੀ ਨਿਕਲ ਜਾਂਦਾ ਹੈ, ਇਕ ਭਾਂਤ ਦੀ ਸ਼ਾਂਤੀ ਜਿਹੀ ਪ੍ਰਤੀਤ ਹੁੰਦੀ ਹੈ ਅਤੇ ਮਨ ਉੱਚੇ ਮੰਡਲਾਂ ਦੀ ਛੁਹ ਦੀ ਮਸਤੀ ਜਿਹੀ ਪ੍ਰਤੀਤ ਕਰਦਾ ਹੈ। ਇਥੋਂ ਦੀ ਅਨੋਖੀ ਝਾਕੀ ਦੇਖਦਾ ਹੋਇਆ ਮਨ ਕਦੇ ਅੱਕਦਾ ਨਹੀਂ।

ਦੋ ਮੀਲ ਘੇਰੇ ਵਾਲਾ ਸਰੋਵਰ ਹੀ ਲੈ ਲਵੋ। ਕੋਈ ਇਸ ਦੇ ਕੰਢੇ ਪਰ ਸਾਰਾ ਦਿਨ ਹੀ ਬੈਠਾ ਰਹੇ, ਉੱਠਣ ਨੂੰ ਚਿਤ ਨਹੀਂ ਕਰਦਾ। ਇਸ ਦਾ ਦ੍ਰਿਸ਼ ਅਤੇ ਜਲ ਦੇ ਨਜ਼ਾਰੇ ਪਲੋ-ਪਲੀ ਬਦਲਦੇ ਰਹਿੰਦੇ ਹਨ, ਜਦ ਕਿ ਉਪਰੋਂ ਲੰਘ ਰਹੇ ਬੱਦਲ, ਧੁੰਦ, ਮਿੰਨ੍ਹੀ ਮਿੰਨ੍ਹੀ ਰੁਮਕਦੀ ਹਵਾ, ਰੌਸ਼ਨੀ ਦਾ ਵੱਧਣਾ ਘਟਣਾ, ਆਸੇ ਪਾਸੇ ਤੇ ਜਲ ਵਿਚ ਪੈ ਰਹੇ ਪਰਛਾਵੇਂ ਅਤੇ ਸੂਰਜ ਦੀਆਂ ਕਿਰਨਾਂ ਦਾ ਪੱਛਮ ਤੋਂ ਪੂਰਬ ਵਲ ਨਾਚ, ਇਸ ਦੇ ਜਲ ਉਪਰ ਵੱਖ ਵੱਖ ਭਾਂਤ ਨਾਲ ਖੇਡਾਂ ਕਰਦੇ ਰਹਿੰਦੇ ਹਨ।

ਹੁਣ ਜਲ ਸ਼ਾਂਤ ਹੈ ਅਤੇ ਸੱਤ ਚੋਟੀਆਂ ਦੇ ਪਰਛਾਵੇਂ ਜਲ ਵਿਚ ਦਿਸ ਰਹੇ ਹਨ। ਛਿਨ ਭਰ ਵਿਚ ਰੁਮਕਣ ਲੱਗੀ ਹਵਾ ਨਾਲ ਜਲ ਪਰ ਬਰੀਕ ਲਹਿਰਾਂ ਚਲ ਪਈਆਂ ਹਨ। ਜਲ ਦਾ ਰੰਗ ਕਦੇ ਨੀਲਾ, ਕਦੇ ਹਰਾ ਅਤੇ ਚਿੱਟਾ ਹੋ ਜਾਂਦਾ ਹੈ। ਜਦ ਢਲਦੇ ਸੂਰਜ ਦੀਆਂ ਕਿਰਨਾਂ ਲਹਿਰਾਂ ਭਰੇ ਜਲ ਦੇ ਉਪਰ ਦੀ ਲੰਘਦੀਆਂ ਹਨ ਤਦ ਸਾਰਾ ਸਰੋਵਰ ਹੀ, ਅੱਖਾਂ ਚੁੰਧਿਆ ਦੇਣ ਵਾਲੀ ਚਮਕਦੀ ਚਾਂਦੀ ਹੀ ਛਾ ਗਈ ਪ੍ਰਤੀਤ ਹੁੰਦਾ ਹੈ। ਜਦ ਵੀ ਸਤਰੰਗੀ ਪੀਂਘ ਪੈਂਦੀ ਹੈ ਤਾਂ ਇਹ ਹਮੇਸ਼ਾ ਸਰੋਵਰ ਦੇ ਇਕ ਕੰਢੇ ਤੋਂ ਠੀਕ ਦੂਜੇ ਕੰਢੇ ਤਕ, ਇਕ ਪੂਰੀ ਡਾਟ ਜਿਹੀ ਬਣ ਜਾਂਦੀ ਹੈ, ਜਿਵੇਂ ਕਿ ਕੁਦਰਤ, ਜਾਣ ਬੁਝ ਕੇ, ਆਪ ਸਰੋਵਰ ਨੂੰ ਸ਼ਿੰਗਾਰਨ ਵਾਸਤੇ ਉਤਰ ਆਈ ਹੈ।

ਸਰੋਵਰ ਦੇ ਪਿਛੋਕੜ ਵਿਚ ਉੱਚੇ ਸਿੱਧੇ ਕਾਲੇ ਰੰਗ ਦੇ ਪਰਬਤ ਤੋਂ ਹਰ ਵੇਲੇ ਆਬਸ਼ਾਰ ਚਲਦੇ ਰਹਿੰਦੇ ਹਨ। ਤਿੰਨ ਪਾਸੇ ਸੱਤ ਚੋਟੀਆਂ ਕਦੇ ਹਰੀਆਂ ਭਰੀਆਂ ਅਤੇ ਕਦੇ ਬਰਫ਼ ਨਾਲ ਢੱਕੀਆਂ ਹੋਈਆਂ, ਚੌਥੇ ਪਾਸੇ ਬਾਰਾਂ ਮਹੀਨੇ ਬਰਫ਼

ਨਾਲ ਢੱਕਿਆ ਹੋਇਆ ਪਰਬਤ, ਇਸ ਸਰਵੋਰ ਦੀ ਸੁੰਦਰਤਾ ਨੂੰ ਹੋਰ ਵੀ ਚਾਰ ਚੰਦ ਲਾਉਂਦੇ ਹਨ।

ਸਰਦੀ ਜਦ ਆਪਣੇ ਪੂਰੇ ਜੋਬਨ ਪਰ ਆਉਂਦੀ ਹੈ ਤਾਂ ਇਸ ੧੫,੨੦੦ ਫ਼ੁਟ ਉਚਾਈ ਵਾਲੇ ਪਰਬਤ ਪਰ ਜਲ ਦੀ ਵਰਖਾ ਨਹੀਂ ਹੁੰਦੀ, ਕੇਵਲ ਕਦੇ ਘਟ ਅਤੇ ਕਦੇ ਵਧ ਬਰਫ਼ ਹੀ ਪੈਂਦੀ ਹੈ। ਕਈ ਵੇਰ ਤਾਂ ਬਰਫ਼ ਇੰਨੀ ਪੈਂਦੀ ਹੈ ਕਿ ਜਿਵੇਂ ਬੱਦਲ ਹੀ ਹੇਠਾਂ ਆ ਕੇ ਟਿਕ ਗਿਆ ਹੈ। ਅਨੁਮਾਨ ਹੈ ਕਿ ਚਾਲੀ ਫ਼ੁਟ ਤੋਂ ਵੱਧ ਬਰਫ਼ ਪੈ ਜਾਂਦੀ ਹੈ। ਗੁਰਦੁਆਰਾ ਸਾਹਿਬ, ਨਿਸ਼ਾਨ ਸਾਹਿਬ ਅਤੇ ਸਰੋਵਰ ਵੀ ਬਰਫ਼ ਨਾਲ ਢੱਕੇ ਜਾਂਦੇ ਹਨ। ਬਰਫ਼ ਜੰਮ ਕੇ ਪੱਥਰ ਵਾਂਗ ਸਖ਼ਤ ਹੋ ਜਾਂਦੀ ਹੈ। ਹੇਠਾਂ ਇਕ ਡਾਟ ਜਿਹੀ ਬਣ ਜਾਂਦੀ ਹੈ। ਇਸੇ ਕਰਕੇ ਗੁਰਦੁਆਰਾ ਸਾਹਿਬ ਪਰ ਬੋਝ ਨਹੀਂ ਪੈਂਦਾ ਅਤੇ ਅੰਦਰੋਂ ਸੁੱਕਾ ਰਹਿੰਦਾ ਹੈ। ਇਸ ਉਚਾਈ ਪਰ ਧੁੱਪ ਦਾ ਬਹੁਤਾ ਅਸਰ ਬਰਫ਼ ਪਰ ਨਹੀਂ ਹੁੰਦਾ, ਜੋ ਵਿਸ਼ੇਸ਼ ਕਰਕੇ, ਬਰਸਾਤ ਦੀ ਵਰਖਾ ਨਾਲ ਹੀ ਢਲਦੀ ਹੈ। ਸਰੋਵਰ ਦਾ ਜਲ ਬਾਹਰ ਨਿਕਲ ਕੇ "ਹੇਮ ਗੰਗਾ" ਅਖਵਾਉਂਦਾ ਹੈ। ਇਹ ਜਲ ਬਾਰ੍ਹਾਂ ਮਹੀਨੇ ਹੀ ਚਲਦਾ ਰਹਿੰਦਾ ਹੈ, ਕਿਉਂਕਿ ਇਸ ਵਿਚ ਆਬਸ਼ਾਰ ਡਿਗਦੇ ਰਹਿੰਦੇ ਹਨ ਅਤੇ ਸਰੋਵਰ ਦੇ ਹੇਠਾਂ ਵੀ ਜਲ ਦਾ ਸੋਮਾ ਹੈ।

ਬਰਫ਼ ਢਲਣ ਮਗਰੋਂ ਜਦ ਬਰਸਾਤ ਦੀ ਰੁੱਤ ਜ਼ੋਰਾਂ ਪਰ ਹੁੰਦੀ ਹੈ ਤਾਂ ਬੱਦਲ ਨੀਵੇਂ ਹੋਣ ਕਰਕੇ ਧੁੰਦ ਬਹੁਤ ਰਹਿੰਦੀ ਹੈ। ਇਕ ਵੇਰ ਲੇਖਕ ਨੇ ਜੁਲਾਈ ਵਿਚ ਪੰਦ੍ਰਾਂ ਦਿਨ ਲਗਾਤਾਰ ਸੂਰਜ ਨਹੀਂ ਦੇਖਿਆ। ਕਈ ਵੇਰ ਧੁੰਦ ਇੰਨੀ ਘਣੀ ਤੇ ਕਾਲੀ ਜਿਹੀ ਹੋ ਜਾਂਦੀ ਸੀ ਕਿ ਸਭ ਕੁਝ ਦਿੱਸਣ ਤੋਂ ਰਹਿ ਜਾਂਦਾ ਸੀ ਅਤੇ ਇਕ ਡੂੰਘੀ ਸ਼ਾਮ ਪੈ ਗਈ ਪ੍ਰਤੀਤ ਹੁੰਦੀ ਸੀ। ਅਜਿਹੇ ਮੌਸਮ ਵਿਚ ਬਸਤਰ ਨਹੀਂ ਸੁੱਕਦੇ ਅਤੇ ਰੋਜ਼ ਕਛਹਿਰਾ ਗਿੱਲਾ ਹੀ ਪਹਿਨਣਾ ਪੈਂਦਾ ਸੀ।

ਜਿਵੇਂ ਜਿਵੇਂ ਬਰਸਾਤ ਦੀ ਵਰਖਾ ਘਟਦੀ ਜਾਂਦੀ ਹੈ, ਬੱਦਲ ਉੱਚੇ ਹੁੰਦੇ ਜਾਂਦੇ ਹਨ, ਤਿਵੇਂ ਤਿਵੇਂ ਧੁੰਦ ਘਟਣ ਲੱਗ ਜਾਂਦੀ ਹੈ ਅਤੇ ਧੁੱਪ ਵਧੇਰਾ ਸਮਾਂ ਨਿਕਲਦੀ ਹੈ, ਪਰ ਮੌਸਮ ਦੀ ਠੰਡਕ ਵਧਣ ਲੱਗ ਪੈਂਦੀ ਹੈ।

ਜੇ ਵਰਖਾ ਲਗਾਤਾਰ ਚਾਰ ਪੰਜ ਦਿਨ ਪੈਣ ਨਾਲ ਟੈਂਪ੍ਰੇਚਰ ਘਟ ਜਾਏ ਤਾਂ ਥੋੜ੍ਹੀ ਬਹੁਤ ਬਰਫ਼ ਪੈ ਜਾਂਦੀ ਹੈ, ਜੋ ਛੇਤੀ ਹੀ ਢਲ ਜਾਂਦੀ ਹੈ। ਪਰ ਜੇ ਰਾਤ ਨਿੱਖਰੀ ਹੋਈ ਹੋਵੇ ਤਾਂ ਇੰਨਾ ਕੋਰਾ ਪੈਂਦਾ ਹੈ ਜਿਵੇਂ ਕਿ ਸ਼ੀਸ਼ੇ ਦੀ ਇਕ ਮੋਟੀ ਪਲੇਟ ਧਰਤੀ ਉਤੇ ਵਿਛੀ ਹੋਈ ਹੋਵੇ। ਜੂਨ ਅਤੇ ਅਕਤੂਬਰ ਵਿਚਕਾਰ ਇਥੇ ਦੀ

ਟੈਂਪ੍ਰੇਚਰ (F.H.) ਵੱਧ ਤੋਂ ਵੱਧ ੪੦ ਤੋਂ ੪੯ ਤਕ ਅਤੇ ਘਟ ਤੋਂ ਘਟ ੩੦ ਤੋਂ ੪੨ ਡਿਗਰੀ ਤਕ ਦੇਖੀ ਗਈ ਹੈ। ੩੨ ਡਿਗਰੀ ਪਰ ਬਰਫ਼ ਪੈ ਜਾਂਦੀ ਹੈ।

ਇਸ ਪਰਬਤ ਨੂੰ ਭਾਂਤ ਭਾਂਤ ਦੀਆਂ ਕੀਮਤੀ ਬੂਟੀਆਂ ਅਤੇ ਰੰਗਾ ਰੰਗ ਦੇ ਸੁੰਦਰ ਫੂਲ ਸੁਭਾਇਮਾਨ ਕਰਦੇ ਹਨ। ਖ਼ੁਸ਼ਕੀ ਦਾ ਬ੍ਰਹਮ ਕੰਵਲ ਵੀ ਇਥੇ ਉਗਦਾ ਹੈ। ਬਹੁਤ ਸਾਰੀ ਸੁਗੰਧੀ ਵਾਲੀਆਂ ਬੂਟੀਆਂ ਤੋਂ ਧੂਪ ਬਣਦੀ ਹੈ। ਫ਼ਰਸ਼ ਪਰ ਕੁਸ਼ਾ ਘਾਹ ਪੈਦਾ ਹੁੰਦੀ ਹੈ। ਕੰਡਾ ਕਿਤੇ ਨਹੀਂ, ਜੋ ਪਾਂਧੀ ਨੂੰ ਦੁਖ ਦੇਵੇ। ਜਦ ਧਰਤੀ ਸੁੱਕੀ ਹੋਵੇ ਤਾਂ ਇਸ ਪਰ ਵਿਛੀ ਹੋਈ ਨਰਮ ਨਰਮ ਘਾਹ ਅਤੇ ਬੂਟੀਆਂ ਦੀ ਮਿਲਵੀਂ ਮੋਟਾਈ ਪਰ ਚੱਲੋ ਤਾਂ ਪੈਰਾਂ ਨੂੰ ਇਕ ਸੁਆਦਲੀ ਜਿਹੀ ਲਚਕ ਪ੍ਰਤੀਤ ਹੁੰਦੀ ਹੈ, ਜਿਵੇਂ ਕਿਸੇ ਕੀਮਤੀ ਗਲੀਚੇ ਪਰ ਚਲ ਰਹੇ ਹੋਈਏ। ਬੂਟੀਆਂ ਦੇ ਹਰੇ ਪੱਤੇ ਸੁੱਕ ਕੇ ਇਕ ਦੋਸ਼ੀ ਵਾਂਗ ਪੀਲੇ ਨਹੀਂ ਹੋ ਜਾਂਦੇ, ਸਗੋਂ ਇਕ blessed (ਵਾਹਿਗੁਰੂ ਦੀ ਬਖ਼ਸ਼ਸ਼) ਵਾਂਗ, ਰੰਗ ਵਿਚ ਲਾਲ ਹੋ ਜਾਂਦੇ ਹਨ। ਇਥੇ ਮਦਹੋਸ਼ ਜਾਂ ਬੇਹੋਸ਼ ਕਰ ਦੇਣ ਵਾਲੀ ਸੁਗੰਧੀ ਰੱਖਣ ਵਾਲੇ ਫੁਲ ਨਹੀਂ ਹੁੰਦੇ। ਕਿਸੇ ਕਿਸੇ ਯਾਤਰੂ ਨੂੰ ਜੋ ਘੂਕੀ ਜਿਹੀ ਪ੍ਰਤੀਤ ਹੁੰਦੀ ਹੈ, ਉਸ ਦਾ ਕਾਰਨ ਇਸ ਉਚਾਈ ਦੀ ਪਤਲੀ ਹਵਾ ਹੈ।

ਰਾਤ ਦਾ ਪੂਰਾ ਅੰਨ੍ਹੇਰਾ ਪਸਰ ਜਾਣ ਤੋਂ ਪਹਿਲਾਂ, ਜਦ ਇਥੇ ਦੀ ਇਕਾਂਤ ਵਿਚ ਗਹਿਰੀਆਂ ਸ਼ਾਮਾਂ ਪੈਂਦੀਆਂ ਹਨ, ਤਾਂ ਸਾਰਾ ਦ੍ਰਿਸ਼ ਅਤੇ ਮਾਹੌਲ ਕਿਸੇ ਹੋਰ ਤਰ੍ਹਾਂ ਦਾ ਹੋ ਜਾਂਦਾ ਹੈ। ਇਕ ਤਰ੍ਹਾਂ ਦਾ ਸੱਨਾਟਾ ਜਿਹਾ ਛਾ ਜਾਂਦਾ ਹੈ। ਅਸਲੀ ਦ੍ਰਿਸ਼ ਕਿਸੇ ਹੋਰ ਰੂਪ ਵਿਚ ਨਜ਼ਰ ਆਉਣ ਲੱਗ ਪੈਂਦੇ ਹਨ। ਇਸ ਸਮੇਂ ਦੀ ਇਕੱਲ ਕਿਸੇ ਲਈ ਤਾਂ ਦਿਲ ਹਿਲਾ ਦੇਣ ਵਾਲਾ ਭਿਆਨਕ ਸਮਾਂ ਹੁੰਦਾ ਹੈ, ਪਰ ਜੇ ਡਰ ਦਾ ਅਭਾਵ ਹੋਵੇ ਤਾਂ ਇਸ ਸਮੇਂ ਅਨੰਦ ਹੋਰ ਵਧ ਜਾਂਦਾ ਹੈ, ਇਕ ਮਸਤੀ ਜਿਹੀ ਪ੍ਰਤੀਤ ਹੁੰਦੀ ਹੈ।

ਰਾਤ ਦੀ ਗੱਲ ਹੋਰ ਹੈ। ਉਸ ਵੇਲੇ ਦਿਸਦਾ ਘਟ ਹੈ, ਪਰ ਸੁਣਦਾ ਵੱਧ ਹੈ। ਕਈ ਪ੍ਰਕਾਰ ਦੀਆਂ ਆਵਾਜ਼ਾਂ, ਜੋ ਇਸ ਉਚਾਈ ਨਾਲ ਸੰਬੰਧ ਰਖਦੀਆਂ ਹਨ, ਨਾ ਪਛਾਣੀਆਂ ਜਾਣ ਕਰਕੇ, ਭਿਆਨਕ ਪ੍ਰਤੀਤ ਹੁੰਦੀਆਂ ਹਨ। ਕਈ ਵੇਰ ਬੱਦਲਾਂ ਦੀ ਗਰਜ ਅਤੇ ਬਿਜਲੀ ਦੀ ਕੜਕ ਹੇਠਲੇ ਪਾਸਿਓਂ ਆਉਂਦੀ ਹੈ, ਜੋ ਦਰਅਸਲ ਹੇਠਲੀ ਖੱਡ ਵਿਚੋਂ ਆਉਂਦੀ ਹੈ। ਬੜੇ ਬੜੇ ਪੱਥਰਾਂ, ਪਹਾੜਾਂ ਜਾਂ ਗਲੇਸ਼ੀਅਰਾਂ ਦੇ ਡਿਗਣ ਦੀਆਂ ਆਵਾਜ਼ਾਂ, ਨੇੜੇ ਤੋਂ ਹੀ ਆਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਇਸ ਪਰਬਤ ਦੇ ਚਰਨਾਂ ਪਰ ਘਾਗਰੀਆ ਤੋਂ ਦੋ ਮੀਲ ਅੱਗੇ, ੧੧,੦੦੦ ਫ਼ੁਟ

ਦੀ ਉਚਾਈ ਪਰ ਵਸ ਰਹੀ ਫੂਲ-ਘਾਟੀ, ਖ਼ਾਸ ਵਰਣਨ ਯੋਗ ਹੈ। ਇਥੇ, ਦੋ ਮੀਲ ਦੀ ਲੰਬਾਈ ਵਿਚ ਲਗਪਗ ਡੇਢ ਦੋ ਸੌ ਭਾਂਤ ਦੇ ਰੰਗ-ਬਰੰਗੇ ਕਈ ਸ਼ਕਲਾਂ ਵਾਲੇ ਫੁਲ ਧਰਤੀ ਤੇ ਵਿਛੇ ਹੋਏ ਹਨ, ਜਿਨ੍ਹਾਂ ਵਿਚੋਂ ਕੁਝ ਅਜਿਹੇ ਹਨ ਜੋ ਦੁਨੀਆ ਭਰ ਵਿਚ ਹੋਰ ਕਿਤੇ ਨਹੀਂ ਦੇਖੇ ਗਏ। ਇੰਜ ਜਾਪਦਾ ਹੈ ਕਿ ਸ੍ਰੀ ਹੇਮਕੁੰਟ ਦੀ ਮਹੱਤਤਾ ਨੂੰ ਸਮਝ ਕੇ, ਕੁਦਰਤ ਨੇ ਆਪ ਇਸ ਦੇ ਚਰਨਾਂ ਪਰ ਇਹ ਅਨੋਖੇ ਫੁਲ ਚੜ੍ਹਾਏ ਹਨ। ਸਾਰੀਆਂ ਕਿਸਮਾਂ ਦੇ ਫੁਲ ਇਕੋ ਵੇਰ ਹੀ ਨਹੀਂ ਹੁੰਦੇ। ਬਰਫ਼ ਢਲ ਜਾਣ ਦੇ ਮਗਰੋਂ ਅਤੇ ਦੁਬਾਰਾ ਪੈਣ ਤਕ, ਧਰਤੀ ਦੀ ਤਾਸੀਰ, ਹਵਾ ਪਾਣੀ, ਵਰਖਾ, ਧੁੱਪ ਅਤੇ ਨਿਤ ਬਦਲਦੇ ਮੌਸਮ ਅਨੁਸਾਰ ਫੁੱਲਾਂ ਦੀ ਭਾਂਤ ਵੀ ਬਦਲਦੀ ਰਹਿੰਦੀ ਹੈ।

ਇਸ ਫੂਲ-ਘਾਟੀ ਦੇ ਫੁੱਲਾਂ ਪਰ ਇਕ ਅੰਗਰੇਜ਼ ਮਾਈ ਮਿਸ ਜੋਨਜ਼ ਨੇ ਚਾਰ ਐਨਸਾਈਕਲੋਪੀਡੀਆ ਲਿਖੇ ਹਨ। ਇਹ ਮਾਈ ਲੰਡਨ ਦੇ ਸ਼ਾਹੀ ਬਾਗ ਦੀ ਸੁਪ੍ਰੰਟੈਂਡੈਂਟ ਸੀ, ਜੋ ਰਾਣੀਖੇਤ ਦੇ ਪਾਦਰੀ ਦੀ ਪਤਨੀ ਮਿਸਿਜ਼ ਸਮਿਥ ਨਾਲ, ੧੯੨੨ ਵਿਚ ਸੈਰ ਕਰਦੀ ਹੋਈ, ਤਪੋਬਨ ਵਾਲੇ ਪਾਸੇ ਤੋਂ ਪਹਾੜ ਪਰ ਚੜ੍ਹ ਕੇ ਇਸ ਘਾਟੀ ਵਿਚ ਉਤਰ ਆਈ ਸੀ। ਇਹ ਫੁੱਲਾਂ ਦੀ ਪ੍ਰੇਮਣ ਮਾਈ, ਹਰ ਸਾਲ ਇਥੇ ਆਉਂਦੀ ਰਹੀ। ਅੰਤ ਨੂੰ ਇਥੇ ਹੀ ਪੈਰ ਤਿਲ੍ਹਕ ਜਾਣ ਪਰ ਡਿੱਗ ਪਈ ਅਤੇ ਸਰੀਰ ਤਿਆਗ ਦਿੱਤਾ। ਇਸ ਦੀ ਕਬਰ ਇਥੇ ਹੀ ਬਣਾ ਦਿੱਤੀ ਗਈ।

ਸ੍ਰੀ ਹੇਮਕੁੰਟ ਦੀ ਯਾਤਰਾ ਵੱਧ ਤੋਂ ਵੱਧ ਮਧ ਅਕਤੂਬਰ ਤਕ ਕੀਤੀ ਜਾ ਸਕਦੀ ਹੈ, ਪਰ ਇਸ ਸਮੇਂ ਤਕ ਠੰਡ ਵੱਧ ਜਾਂਦੀ ਹੈ। ਯਾਤਰਾ ਸ਼ੁਰੂ ਹੋਣ ਦਾ ਸਮਾਂ ਨਿਸ਼ਚਿਤ ਨਹੀਂ। ਜੇ ਸਰਦੀਆਂ ਵਿਚ ਬਰਫ਼ ਘਟ ਪਈ ਹੋਵੇ ਅਤੇ ਵਰਖਾ ਦੀ ਰੁਤ ਛੇਤੀ ਸ਼ੁਰੂ ਹੋ ਜਾਵੇ ਤਾਂ ਬਰਫ਼ ਜੂਨ ਦੇ ਸ਼ੁਰੂ ਵਿਚ ਹੀ ਢਲ ਜਾਂਦੀ ਹੈ। ਜੇ ਸਰਦੀਆਂ ਵਿਚ ਬਰਫ਼ ਵਧ ਪੈ ਜਾਵੇ, ਵਰਖਾ ਦੇਰ ਨਾਲ ਸ਼ੁਰੂ ਹੋਵੇ ਤਾਂ ਕਈ ਵੇਰ ਜੂਨ ਦੇ ਮੱਧ ਤਕ ਵੀ ਬਰਫ਼ ਪੂਰੀ ਤਰ੍ਹਾਂ ਨਹੀਂ ਢਲਦੀ। ਇਸ ਸੰਬੰਧੀ ਗੋਬਿੰਦ ਘਾਟ ਜਾਂ ਰਿਖੀਕੇਸ਼ ਗੁਰਦੁਆਰੇ ਦੇ ਸਥਾਨਕ ਪ੍ਰਬੰਧਕਾਂ ਤੋਂ ਪਤਾ ਕਰ ਲੈਣਾ ਯੋਗ ਹੋਵੇਗਾ।

# ਸ੍ਰੀ ਹੇਮਕੁੰਟ ਜਗਿਆਸੂ ਲਈ

ਜਦ ਕੋਈ ਸੁੰਦਰ ਦ੍ਰਿਸ਼ ਦੇਖਦਾ ਹੈ ਤਾਂ ਸੁਭਾਵਕ ਹੀ ਮੂੰਹ ਤੋਂ "ਬਲਿਹਾਰੀ ਕੁਦਰਤਿ ਵਸਿਆ" ਨਿਕਲ ਜਾਂਦਾ ਹੈ। ਪਰ ਇਸ ਵਾਕ ਦੇ ਅੰਤਰੀਵ ਭਾਵ ਕੁਝ ਹੋਰ ਗਹਿਰੇ ਹਨ। ਜਦ "ਕੁਦਰਤ" ਦੇ ਸ਼ਬਦ ਨੂੰ ਕਰਤੇ ਦੀ ਸਾਰੀ ਰਚਨਾ ਨਾਲ ਸੰਬੰਧਤ ਕਰਦੇ ਹਾਂ ਤਾਂ ਮਾਦੀ ਸੁੰਦਰਤਾ ਜਾਂ ਨਾ-ਸੁੰਦਰਤਾ ਵਾਲੀ ਗੱਲ ਖ਼ਤਮ ਹੋ ਜਾਂਦੀ ਹੈ। ਕੁਦਰਤ ਵਿਚ ਕਾਦਰ ਦੇ ਵਸਣ ਦੇ ਅਨੁਭਵ ਨਾਲ ਇਕ ਅਨੋਖੀ ਵਿਸਮਾਦ-ਜਨਕ ਰੰਗਣ ਮਨ ਪਰ ਛਾਂ ਜਾਂਦੀ ਹੈ। ਕੁਦਰਤ ਕਈ ਰੰਗਾਂ ਵਿਚ ਵਰਤਦੀ ਮਲੂਮ ਹੋ ਆਉਂਦੀ ਹੈ, ਪਰ ਜਦ ਕਾਦਰ ਦਾ ਪ੍ਰਗਟਾ, ਮਾਦੀ ਸੁੰਦਰਤਾ ਵਿਚੋਂ ਪ੍ਰਤੀਤ ਹੁੰਦਾ ਹੈ ਤਾਂ ਮਨ ਵਿਚ ਇਕ ਨਵੀਂ ਭਾਂਤ ਦੀ ਲਹਿਰ ਚਲ ਪੈਂਦੀ ਹੈ।

ਉਹ ਮਹਾਂ ਉਚ ਕੋਟੀ ਦੀਆਂ ਹਸਤੀਆਂ, ਜੋ ਅਕਾਲ ਪੁਰਖ ਨਾਲ "ਇਕ" ਹੋ ਚੁੱਕਦੀਆਂ ਹਨ, ਉਨ੍ਹਾਂ ਦੇ ਅੰਦਰ ਵਾਹਿਗੁਰੂ ਜੀ ਦੀ ਪੂਰਨ ਜੋਤਿ ਪ੍ਰਕਾਸ਼ਦੀ ਹੈ, ਉਨ੍ਹਾਂ ਦੇ ਸਰੀਰ ਵਿਚ ਇਕ ਮਹਾਨ ਸ਼ਕਤੀ ਵਿਆਪਕ ਹੁੰਦੀ ਹੈ। ਇਸ ਕਰਕੇ ਉਨ੍ਹਾਂ ਦੀ ਛੁਹ ਨਾਲ, ਹਰ ਵਸਤੂ, ਧਰਤੀ ਅਤੇ ਵਾਯੂ ਮੰਡਲ ਵਿਚ ਇਕ ਅਟੱਲ ਤੇਜ-ਮਈ ਲਹਿਰ ਚਲ ਪੈਂਦੀ ਹੈ, ਜੋ ਸਦੀਵ ਕਾਲ ਲਈ ਸਥਿਤ ਰਹਿੰਦੀ ਹੈ, ਜਿਵੇਂ ਬਿਜਲੀ ਦੀ ਛੁਹ ਲੋਹੇ ਵਿਚ ਇਕ ਸ਼ਕਤੀ ਭਰ ਕੇ ਮਿਕਨਾਤੀਸ ਬਣਾ ਦੇਂਦੀ ਹੈ।

ਕਈ ਵਿਸ਼ਵਾਸੀਆਂ ਨੇ ਦੇਖਿਆ ਹੋਵੇਗਾ ਕਿ ਜਦ ਉਹ ਆਪਣਾ ਮਸਤਕ ਕਿਸੇ ਅਜਿਹੀ ਛੁਹ-ਪ੍ਰਾਪਤ ਕੀਤੀ-ਧਰਤੀ ਨਾਲ ਲਾਉਂਦੇ ਹਨ ਤਾਂ ਬਿਜਲੀ ਦੇ ਝਟਕੇ ਵਾਂਗ ਇਕ ਲਹਿਰ ਸਾਰੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਜੋ ਮਨ ਤੇ ਤਨ ਨੂੰ ਸ਼ੁਧ ਕਰਦੀ ਹੈ। ਤਾਂ ਹੀ ਅਜਿਹੀਆਂ ਧਰਤੀਆਂ ਪਵਿੱਤਰ ਅਖਵਾਉਂਦੀਆਂ ਹਨ। ਛੁਹ ਪ੍ਰਾਪਤ ਕੀਤੀਆਂ ਵਸਤੂਆਂ ਵੀ ਅਜਿਹੀ ਪਵਿੱਤਰਤਾ ਰਖਦੀਆਂ ਹਨ।

ਇਕ ਬਹੁਤ ਬਿਰਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਿਆ ਸੀ ਕਿ ਉਸ ਦੀ ਬਹੁਤ ਛੋਟੀ ਉਮਰ ਸੀ, ਜਦ ਉਸ ਨੇ ਦਸਮੇਸ਼ ਜੀ ਦੇ ਦਰਸ਼ਨ ਕੀਤੇ ਸਨ। ਉਸ ਨੂੰ ਇਕ ਗੱਲ ਯਾਦ ਹੈ ਕਿ ਜਦ ਉਸ ਨੇ ਗੁਰੂ ਮਹਾਰਾਜ ਦੇ ਪਵਿੱਤਰ ਚਰਨਾਂ ਪਰ ਮੱਥਾ ਟੇਕਿਆ ਸੀ ਤਾਂ ਉਸ ਦੇ ਸਾਰੇ ਸਰੀਰ ਵਿਚ ਇਕ ਤੇਜਮਈ ਝਰਨਾਟ

ਛਿੜ ਗਈ ਸੀ।

ਸ੍ਰੀ ਹੇਮਕੁੰਟ ਦੀ ਮਾਦੀ ਸੁੰਦਰਤਾ ਪਰ ਇਕ ਉਚੇਰੀ ਹਸਤੀ ਰਾਹੀਂ ਪਰਮ ਜੋਤਿ ਦੀ ਛੁਹ ਦੀ ਪੁਠ ਚੜ੍ਹ ਜਾਣ ਕਰਕੇ, ਹਰ ਦਰਸ਼ਕ ਦੇ ਮਨ ਪਰ ਇਹ ਸੁੰਦਰਤਾ ਇਕ ਨਵਾਂ ਹੀ ਪ੍ਰਭਾਵ ਪਾ ਦੇਂਦੀ ਹੈ। ਜੈਸੀ ਜੈਸੀ ਕਿਸੇ ਦੀ ਮਾਨਸਕ ਅਵਸਥਾ ਹੁੰਦੀ ਹੈ ਉਸ ਅਨੁਸਾਰ ਮਨ ਪਰ ਪ੍ਰਭਾਵ ਵੀ ਵੱਖ ਵੱਖ ਭਾਂਤ ਦਾ ਹੁੰਦਾ ਹੈ। ਇਥੇ ਦੇ ਵਾਯੂ ਮੰਡਲ ਵਿਚ "ਆਪਾ" ਭੁੱਲ ਜਾਂਦਾ ਹੈ, ਸੁਰਤੀਆਂ ਨੂੰ ਇਕਾਗਰਤਾ ਜਿਹੀ ਵਿਚ ਲਿਆ ਕੇ ਅਰਸ਼ੀ ਹੁਲਾਰੇ ਮਿਲਦੇ ਹਨ ਅਤੇ ਇਕ ਅਗੰਮੀ ਦੁਨੀਆ ਦੀ ਝਲਕ ਪੈਂਦੀ ਹੈ। ਮਾਤ ਲੋਕ ਦੇ ਫ਼ਿਕਰ-ਫ਼ਾਕੇ ਭੁੱਲ ਜਾਂਦੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਮਨੁੱਖੀ ਮਨ ਦੇ ਵਿਸ਼ੇ ਵਿਕਾਰ ਇਸ ਪਵਿਤਰ ਪਰਬਤ ਦੀ ਉਚਾਈ ਪਰ ਚੜ੍ਹਨ ਤੋਂ ਅਸਮਰਥ ਹਨ।

ਲੇਖਕ ਨੇ ਇਹ ਦੇਖਿਆ ਹੈ ਕਿ ਕੁਝ ਸਮਾਂ ਸ੍ਰੀ ਹੇਮਕੁੰਟ ਦੀ ਇਕਾਂਤ ਵਿਚ ਰਹਿ ਕੇ ਜਦ ਹੇਠਾਂ ਜਾਂਦਾ ਸੀ ਤਾਂ ਸਚ ਮੁਚ ਹੀ ਇਹ ਪ੍ਰਤੀਤ ਹੁੰਦਾ ਸੀ ਕਿ ਉਚੇ ਸਵਰਗ-ਲੋਕ ਤੋਂ ਕਿਸੇ ਨੀਵੇਂ ਮਾਤ-ਲੋਕ ਵਿਚ ਆ ਗਿਆ ਹਾਂ। ਲੋਕਾਂ ਦੀ ਬੋਲ-ਚਾਲ ਕੰਨਾਂ ਨੂੰ ਦੁਖਦਾਈ ਲਗਦੀ ਸੀ ਅਤੇ ਉਨ੍ਹਾਂ ਦੇ ਵਿਉਹਾਰ, ਵਿਚਾਰ ਮਨ ਨੂੰ ਬਿਲਕੁਲ ਹੀ ਨਹੀਂ ਸਨ ਭਾਉਂਦੇ। ਇਹ ਦਸ਼ਾ ਕਈ ਕਈ ਦਿਨ ਕਾਇਮ ਰਹਿੰਦੀ ਸੀ।

ਪਰ ਗੱਲ ਚਲ ਰਹੀ ਹੈ ਜਗਿਆਸੂ ਦੀ। ਇਸ ਅਸਥਾਨ ਤੇ ਅਨਾਦੀ ਅਕਾਲ ਪੁਰਖ ਨੇ ਦੁਸ਼ਟ-ਦਮਨ ਜੀ ਨੂੰ, ਜੋ ਕਿ ਬਹੁਤ ਸਮਾਂ ਤਪ ਕਰ ਕੇ ਉਨ੍ਹਾਂ ਨਾਲ "ਇਕ" ਹੋ ਚੁੱਕੇ ਸਨ, ਮਾਤ-ਲੋਕ ਵਿਚ ਜਾ ਕੇ ਦਸਮ ਗੁਰੂ ਨਾਨਕ ਅਖਵਾਉਣ ਲਈ ਨਿਵਾਜਿਆ। ਅਜਿਹੀ ਪਵਿਤਰ ਧਰਤੀ ਪਰ ਜਦ ਕੋਈ ਸੱਜਣ ਸਾਧਨਾ ਲਈ ਜਾਂਦਾ ਹੈ, ਤਾਂ ਇਥੋਂ ਦਾ ਪ੍ਰਭਾਵ ਅਤੇ ਵਾਯੂ-ਮੰਡਲ ਵਿਚਲੀ ਰੰਗਣ, ਸੁਰਤੀ ਨੂੰ ਥੋੜ੍ਹੇ ਯਤਨ ਨਾਲ ਹੀ ਵਧੇਰੇ ਉੱਚਾ ਹੁਲਾਰਾ ਦੇ ਜਾਂਦੀ ਹੈ। ਜੋ ਵੀ ਮਨ ਦੀ ਸ਼ੁੱਧਤਾ ਨਾਲ ਨਿਰ-ਇਛਤ ਤੇ ਨਿਰਲੇਪ ਹੋ ਕੇ, ਸ਼ਰਧਾ, ਪ੍ਰੇਮ ਤੇ ਚਾਉ ਨਾਲ ਇਥੋਂ ਦੀ ਇਕਾਂਤ ਵਿਚ ਸਾਧਨਾ ਕਰਦਾ ਹੈ, ਮਨ ਨੂੰ "ਸੱਚ" ਸਮਝਣ ਤੇ ਗ੍ਰਹਿਣ ਕਰਨ ਲਈ ਮੋੜਦਾ ਹੈ, ਉਹ ਥੋੜੇ ਸਮੇਂ ਵਿਚ ਉਚ-ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਕਾਰਨ ਸਪਸ਼ਟ ਹੈ। ਜਿਸ ਦਾ ਮਨ ਸਰੀਰ ਨੂੰ "ਆਪਣਾ" ਮੰਨਣ ਕਰਕੇ

ਮਾਇਆ ਵਿਚ ਦ੍ਰਿੜ੍ਹ ਸੀ, ਹੁਣ ਅਪਣੱਤ ਭੁਲਦੀ ਮਲੂਮ ਹੁੰਦੀ ਹੈ। ਜਿਨ੍ਹਾਂ ਇੰਦਰੀਆਂ ਦੇ ਰਸਾਂ ਵਿਚ ਉਹ ਖਚਤ ਸੀ, ਉਨ੍ਹਾਂ ਤੋਂ ਉਪ੍ਰਾਮ ਹੋ ਜਾਂਦਾ ਹੈ। ਹੇਠਾਂ ਵਰਤ ਰਿਹਾ ਮਾਇਆ ਦਾ ਸੇਕ ਠੰਡਾ ਹੋਣ ਲਗਦਾ ਹੈ। ਫਿਰ ਸੁਰਤੀ ਹਲਕੀ ਤੇ ਸ਼ੁਧ ਹੋ ਕੇ, ਨਾਮ ਦੇ ਰਾਹੀਂ, ਆਪਣੇ ਅੰਦਰ ਵਸ ਰਹੇ ਕਰਤਾ ਵਲ ਵਧੇਰੇ ਖੁਲ੍ਹੀ ਉਡਾਰੀ ਲਾਉਂਦੀ ਹੈ। ਜਦ ਸਤਿਗੁਰੂ ਜੀ ਕਿਰਪਾ ਕਰਨ ਤਾਂ "ਸੱਚ" ਦਾ ਪ੍ਰਕਾਸ਼ ਹੋ ਜਾਂਦਾ ਹੈ।

ਹਰ ਸਾਧਨਾ ਲਈ ਇਕਾਂਤ ਸਹਾਇਕ ਹੁੰਦੀ ਹੈ। ਹੁਣ ਯਾਤਰਾ ਵਧ ਜਾਣ ਕਰਕੇ ਪੂਰੀ ਇਕਾਂਤ ਨਹੀਂ ਮਿਲਦੀ। ਸ੍ਰੀ ਹੇਮਕੁੰਟ ਪਰਬਤ ਪਰ ਇਧਰ ਉਧਰ ਕੁਝ ਛੋਟੀਆਂ ਅਤੇ ਵੱਡੀਆਂ ਗੁਫਾਵਾਂ ਹਨ। ਦੇਵਲੋਕ ਦਾ ਪ੍ਰਭਾਵ ਤਾਂ ਉਥੇ ਹੋਵੇਗਾ, ਪਰ ਖ਼ਾਸ ਅਸਥਾਨ ਦਾ ਅਨੰਦ ਕੁਝ ਵੱਖਰਾ ਹੀ ਹੈ। ਇਹ ਹੋ ਸਕਦਾ ਹੈ ਕਿ ਦਿਨ ਲਈ ਸਰੋਵਰ ਦੇ ਆਲੇ ਦੁਆਲੇ ਕੋਈ ਥਾਂ ਲਭ ਲਈ ਜਾਵੇ। ਰਾਤ ਨੂੰ ਤਾਂ ਇਕ ਤਰ੍ਹਾਂ ਹਰ ਥਾਂ ਇਕਾਂਤ ਹੁੰਦੀ ਹੈ। ਰਾਤ ਦਾ ਅੰਨ੍ਹੇਰਾ ਮਾਇਆ ਦੇ ਅੰਨ੍ਹੇਰੇ ਪਰ ਪ੍ਰਬਲ ਹੁੰਦਾ ਹੈ।

ਸਾਡਾ ਵਿਸ਼ਾ ਸਾਧਨਾਵਾਂ ਦੇ ਢੰਗ ਗਿਣਨ ਦਾ ਨਹੀਂ। ਹਰ ਕੋਈ ਆਪਣਾ ਆਪਣਾ ਰਸਤਾ ਅਪਣਾਉਂਦਾ ਹੈ ਅਤੇ ਆਪਣੇ ਤਰੀਕੇ ਨਾਲ ਵੱਖ ਵੱਖ ਭਾਂਤ ਦੇ ਅਨੰਦ ਮਾਣਦਾ ਹੈ। ਇਥੋਂ ਦੇ ਰਾਤ ਅਤੇ ਦਿਨ ਦੇ ਸਮੇਂ ਦਾ ਮਾਹੌਲ ਕਈ ਤਰ੍ਹਾਂ ਨਾਲ ਆਪਣਾ ਅਸਰ ਦਿਖਾਉਂਦਾ ਹੈ ਅਤੇ ਬੇਅੰਤ ਭਾਂਤ ਭਾਂਤ ਦੇ ਰੰਗ, ਬੇਅੰਤ ਵਾਹਿਗੁਰੂ ਜੀ ਪ੍ਰਗਟਾਉਂਦੇ ਹਨ।

## ਸ੍ਰੀ ਹੇਮਕੁੰਟ ਪਰ ਜੀਵ ਜੰਤੂ

ਜਿਵੇਂ ਇਸ ਪਵਿਤਰ ਪਰਬਤ ਦਾ ਪ੍ਰਭਾਵ ਵੱਖਰਾ ਹੈ, ਤਿਵੇਂ ਇਥੇ ਦੇ ਜੀਵ ਵੀ ਨਿਰਾਲੇ ਹੀ ਹਨ। ਇਥੇ ਕੀੜੇ ਮਕੌੜੇ ਜਾਂ ਵਿਸ਼-ਭਰੇ ਸੱਪ, ਬਿੱਛੂ ਆਦਿਕ ਨਹੀਂ ਹੁੰਦੇ। ਇਥੇ, ਪੰਛੀ ਸਰੋਵਰ ਵਿਚ ਚੁਭੀਆਂ ਲਾਉਂਦੇ ਹਨ। ਇਥੇ ਮਕੜੀਆਂ ਉਡਾਰੀ ਲਾਉਂਦੀਆਂ ਹਨ। ਚੂਹੇ ਕੁਸ਼ਾ ਘਾਹ ਖਾਂਦੇ ਹਨ। ਰੰਗ ਬਰੰਗੀਆਂ ਚਿੜੀਆਂ ਸੁਹਣੇ-ਸੁਹਣੇ ਫੁੱਲ ਤੇ ਬੂਟੀਆਂ ਖਾ ਕੇ ਗੁਜ਼ਾਰਾ ਕਰਦੀਆਂ ਹਨ।

ਇਸ ਪਰਬਤ ਪਰ ਰਿਛ ਕਦੇ ਦੇਖਣ ਵਿਚ ਨਹੀਂ ਆਇਆ, ਪਰ ਰਾਤ ਵੇਲੇ ਕਦੇ ਕਦੇ ਬਰਫ਼ਾਨੀ ਸ਼ੇਰ ਆ ਫੇਰਾ ਪਾਉਂਦਾ ਹੈ। ਇਸ ਦਾ ਰੰਗ ਬਿਲਕੁਲ ਚਿੱਟਾ ਅਤੇ ਕੱਦ ਲਾਲ ਸ਼ੇਰ ਨਾਲੋਂ ਛੋਟਾ ਹੁੰਦਾ ਹੈ। ਲੰਮੀ ਜੱਤ ਵਾਲੇ ਭੇਡੂ ਦੀ ਕਿਸਮ ਦਾ ਇਕ ਹੋਰ ਜਾਨਵਰ ਅਤੇ ਕਸਤੂਰਾ ਵੀ ਕਦੇ ਕਦਾਈਂ ਦਿਸ ਪੈਂਦਾ ਹੈ।

ਪੰਛੀ ਇਥੇ ਤਿੰਨ ਭਾਂਤ ਦੇ ਹੁੰਦੇ ਹਨ। ਇਕ ਕਾਲੇ ਰੰਗ ਵਾਲੇ, ਕਾਉਂ ਦੇ ਸਾਈਜ਼ ਦੇ, ਜਿਨ੍ਹਾਂ ਦੀ ਰਿਹਾਇਸ਼, ਉੱਤਰ ਵਾਲੇ ਪਹਾੜ ਦੀ ਢਲਵਾਨ ਪਰ, ਇਕ ਖੁਡ ਜਿਹੀ ਵਿਚ ਹੈ। ਇਹ ਇਥੇ ਬਾਰ੍ਹਾਂ ਮਹੀਨੇ ਰਹਿੰਦੇ ਹਨ। ਸਵੇਰ ਵੇਲੇ, ਇਨ੍ਹਾਂ ਦੇ ਪੰਦਰ੍ਹਾਂ ਵੀਹਾਂ ਦਾ ਝੁੰਡ, ਹੇਠਾਂ ਵੱਲ ਕਿਤੇ ਚਲਾ ਜਾਂਦਾ ਹੈ ਅਤੇ ਸ਼ਾਮ ਵੇਲੇ ਸਾਰੇ ਇਕੱਠੇ ਹੀ ਵਾਪਸ ਪਹੁੰਚ ਜਾਂਦੇ ਹਨ। ਦੋ ਤਿੰਨ ਪੰਛੀ ਇਕ ਹੋਰ ਕਿਸਮ ਦੇ, ਭੂਰੇ ਜਿਹੇ ਰੰਗ ਵਾਲੇ ਆਉਂਦੇ ਹਨ, ਜੋ ਪਹੁੰਚਦੇ ਸਾਰ ਹੀ ਸਿੱਧਾ ਜਲ ਵਿਚ ਜ਼ੋਰ ਨਾਲ ਆ ਕੇ ਚੁਭੀ ਲਾਉਂਦੇ ਹਨ ਅਤੇ ਕੁਝ ਸਕਿੰਟ ਜਲ ਦੇ ਅੰਦਰ ਰਹਿ ਕੇ, ਫਿਰ ਬਾਹਰ ਆਉਂਦੇ ਤੇ ਵਾਪਸ ਉਡਾਰੀ ਮਾਰ ਜਾਂਦੇ ਹਨ। ਕਈ ਪ੍ਰੇਮੀਆਂ ਨੂੰ ਇਸ ਦੇ ਦਸਮੇਸ਼ ਜੀ ਦੇ ਬਾਜ਼ ਹੋਣ ਦਾ ਭੁਲੇਖਾ ਲਗ ਜਾਂਦਾ ਹੈ। ਪਰ ਇਹ ਠੀਕ ਨਹੀਂ। ਸਰਦੀਆਂ ਦੇ ਦਿਨਾਂ ਵਿਚ ਇਹ ਪੰਛੀ, ਗੋਬਿੰਦ ਘਾਟ ਦੇ ਪਾਸ, ਅਲਕਾਨੰਦਾ ਨਦੀ ਵਿਚ ਚੁੱਭੀਆਂ ਲਾਉਂਦੇ ਦੇਖੇ ਜਾ ਸਕਦੇ ਹਨ। ਦੋ ਚਾਰ ਰੰਗ-ਬਰੰਗੀਆਂ ਚਿੜੀਆਂ ਵੀ ਹੇਠੋਂ ਆ ਕੇ ਫੁੱਲਾਂ ਤੇ ਬੂਟੀਆਂ ਨੂੰ ਚੁੰਜਾਂ ਮਾਰ ਜਾਂਦੀਆਂ ਹਨ, ਜਦ ਮੌਸਮ ਅੱਛਾ ਹੋਵੇ।

ਮੱਖੀ ਲਾਲ ਰੰਗ ਦੀ, ਪਰ ਥੋੜ੍ਹੀ ਗਿਣਤੀ ਵਿਚ ਹੁੰਦੀ ਹੈ। ਇਕ ਮਕੜੀ ਕਮਰੇ ਦੇ ਅੰਦਰ ਜਾਲਾ ਤਾਣਦੀ ਹੈ, ਦੂਜੀ ਭਾਂਤ ਦੀ ਬਾਹਰਵਾਰ ਛੱਜਿਆਂ ਹੇਠ ਜਾਲਾ ਤਾਣਦੀ ਹੈ, ਜੋ ਉੱਡ ਵੀ ਜਾਂਦੀ ਹੈ। ਇਸ ਦੇ ਜਾਲੇ ਪਰ ਜਲ ਦਾ ਅਸਰ ਨਹੀਂ ਹੁੰਦਾ।

ਭੂਰੇ ਰੰਗ ਦੇ, ਛੋਟੀ ਪੂਛ ਵਾਲੇ ਚੂਹੇ ਇਥੇ ਚੋਖੀ ਗਿਣਤੀ ਵਿਚ ਹਨ। ਇਹ ਬਾਰ੍ਹਾਂ ਮਹੀਨੇ ਹੀ ਇਥੇ ਰਹਿੰਦੇ ਹਨ। ਜ਼ਮੀਨ ਦੇ ਹੇਠਾਂ ਦੂਰ ਦੂਰ ਤਕ ਲੰਮੀਆਂ ਖੁੱਡਾਂ ਬਣਾਈਆਂ ਹੋਈਆਂ ਹਨ। ਖੁਲ੍ਹੇ ਮੌਸਮ ਵਿਚ ਘਾਹ ਅਤੇ ਬੂਟੀਆਂ ਟੁਕਦੇ ਰਹਿੰਦੇ ਹਨ ਅਤੇ ਨਾਲ ਹੀ ਕੁਸ਼ਾ ਘਾਹ ਆਪਣੀਆਂ ਖੁੱਡਾਂ ਵਿਚ ਇਕੱਠਾ ਕਰਦੇ ਰਹਿੰਦੇ ਹਨ, ਜਿਸ ਪਰ ਬਰਫ਼ ਦੇ ਦਿਨਾਂ ਵਿਚ ਅੰਦਰ ਬੈਠੇ ਗੁਜ਼ਾਰਾ ਕਰਦੇ ਰਹਿੰਦੇ ਹਨ, ਸ਼ੁਰੂ ਵਿਚ ਇਹ ਭੁੰਨੇ ਹੋਏ ਛੋਲੇ ਨਹੀਂ ਖਾਂਦੇ ਸਨ, ਸੁੰਘ ਕੇ ਛੱਡ ਜਾਂਦੇ ਸਨ।

ਮਗਰੋਂ ਲੇਖਕ ਨੂੰ ਰੋਜ਼ ਖਾਂਦੇ ਵੇਖ ਕੇ, ਇਨ੍ਹਾਂ ਨੇ ਵੀ ਦਾਣਿਆਂ ਨੂੰ ਮੂੰਹ ਮਾਰਨਾ ਸ਼ੁਰੂ ਕੀਤਾ ਅਤੇ ਇੰਨੇ ਸੁਆਦਲੇ ਲੱਗੇ ਕਿ ਜਿਸ ਦਿਨ ਇਨ੍ਹਾਂ ਨੂੰ ਨਾ ਦੇਵਾਂ, ਇਹ ਗੁੱਸੇ ਵਿਚ ਆ ਕੇ ਰਾਤ ਨੂੰ ਮੇਰਾ ਕੰਬਲ ਟੁੱਕ ਜਾਂਦੇ ਸਨ। ਮੇਰਾ ਇਨ੍ਹਾਂ ਨੂੰ ਪੁੰਨ ਕਰਨਾ ਚੰਗਾ ਨਾ ਫਲਿਆ।

ਦੋ ਤਿੰਨ ਭਾਂਤ ਦੇ ਜਰਾਸੀਮ ਜੋ ਸਰੋਵਰ ਦੇ ਜਲ ਵਿਚ ਦੇਖੇ ਗਏ ਹਨ, ਉਨ੍ਹਾਂ ਸੰਬੰਧੀ ਦੱਸਣਾ ਜ਼ਰੂਰੀ ਹੈ।

ਪਹਿਲੀ ਭਾਂਤ ਦੇ ਜਰਾਸੀਮ, ਸਰੋਵਰ ਦੇ ਕੰਢਿਆਂ ਪਰ ਅਤੇ ਜਿਥੋਂ ਸਰੋਵਰ ਦਾ ਜਲ ਹੇਮਗੰਗਾ ਬਣਦਾ ਹੈ, ਉਥੇ ਪੱਥਰਾਂ ਉਪਰ ਪਏ ਹੋਏ ਦਿਸ ਆਉਂਦੇ ਹਨ। ਇਹ ਛੋਟੇ ਛੋਟੇ ਬੇਢੰਗੇ ਪੱਥਰ ਹੀ ਮਲੂਮ ਹੁੰਦੇ ਹਨ, ਪਰ ਜਦ ਇਨ੍ਹਾਂ ਨੂੰ ਛੇੜੋ ਤਾਂ ਛੋਟਾ ਜਿਹਾ ਮੂੰਹ ਬਾਹਰ ਕੱਢ ਕੇ ਚਲ ਪੈਂਦੇ ਹਨ। ਦੂਜੀ ਭਾਂਤ ਦੇ ਜਰਾਸੀਮ ਬਹੁਤ ਬਰੀਕ, ਲਾਲ ਰੰਗ ਦੇ ਹਨ। ਤੀਜੇ, ਜਿਸ ਥਾਂ ਬਰਤਨ ਸਾਫ਼ ਕੀਤੇ ਜਾਂਦੇ ਤੇ ਅੰਨ ਵੀ ਜਲ ਵਿਚ ਜਾਂਦਾ ਹੈ, ਉਥੇ ਕਦੇ ਕਦੇ ਦੇਖੇ ਹਨ। ਜਿਸ ਥਾਂ ਸਰੋਵਰ ਦਾ ਜਲ ਤੇਜ਼ ਰੋੜ੍ਹ ਨਾਲ ਬਾਹਰ ਜਾਣ ਲਗਦਾ ਹੈ, ਉਸ ਵਗਦੀ ਧਾਰ ਵਿਚ ਇਹ ਨਹੀਂ ਦੇਖੇ ਗਏ। ਜਲ ਨੂੰ ਕਪੜੇ ਵਿਚੋਂ ਛਾਣਨ ਨਾਲ, ਜਰਾਸੀਮਾਂ ਤੋਂ ਸਾਫ਼ ਹੋ ਜਾਂਦਾ ਹੈ।

# ਸ੍ਰੀ ਹੇਮਕੁੰਟ ਦੀ ਮੇਰੀ ਪਹਿਲੀ ਯਾਤਰਾ

ਹਵਾਲਦਾਰ ਮੋਦਨ ਸਿੰਘ, ਜੋ ਮਸੂਰੀ ਵਿਖੇ ਸਰਵੇ ਵਿਭਾਗ ਵਿਚ ਕਰਮਚਾਰੀ ਸਨ, ਦੇਖ ਭਾਲ ਲਈ, ਹਰ ਸਾਲ ਸ੍ਰੀ ਹੇਮਕੁੰਟ ਦਾ ਫੇਰਾ ਪਾ ਜਾਂਦੇ ਸਨ। ਕੋਈ ਨਾ ਕੋਈ ਯਾਤਰਾ ਅਭਿਲਾਸ਼ੀ ਵੀ ਨਾਲ ਚਲ ਪੈਂਦੇ। ਅਗਸਤ ੧੯੪੯ ਵਿਚ, ਜਦ ਮੈਂ ਮਸੂਰੀ ਗਿਆ ਤਾਂ ਹਵਾਲਦਾਰ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ। ਆਪ ਉਸ ਸਮੇਂ ਸ੍ਰੀ ਹੇਮਕੁੰਟ ਜਾਣ ਦੀ ਤਿਆਰੀ ਕਰ ਰਹੇ ਸਨ। ਮੈਂ ਵੀ ਨਾਲ ਜਾਣ ਵਾਸਤੇ ਤਿਆਰ ਹੋ ਗਿਆ। ਉਨ੍ਹਾਂ ਦੇ ਇਕ ਸੰਬੰਧੀ ਅਤੇ ਲੁਧਿਆਣੇ ਜ਼ਿਲੇ ਦੇ ਇਕ ਸੰਤ, ਹੋਰ ਨਾਲ ਰਲ ਗਏ। ਅਸੀਂ ਚਾਰੋਂ, ਕੋਟਦੁਆਰ ਅਤੇ ਪੌੜੀ ਤੁਰਦੇ ਹੋਏ ਰੁਦ੍ਰਪ੍ਰਯਾਗ ਪਹੁੰਚ ਗਏ। ਉਨ੍ਹਾਂ ਦਿਨਾਂ ਵਿਚ ਬਸ ਅਜੇ ਰੁਦ੍ਰਪ੍ਰਯਾਗ ਤਕ ਹੀ ਚਲਦੀ ਸੀ, ਅੱਗੇ ਸਾਰਾ ਰਸਤਾ ਪੈਦਲ ਚਲਣਾ ਪੈਂਦਾ ਸੀ। ਮੈਂ ਸੋਚ ਹੀ ਰਿਹਾ

ਸੀ ਕਿ ਹੁਣ ਕੋਈ ਕੁਲੀ ਭਾੜੇ ਪਰ ਕੀਤਾ ਜਾਵੇਗਾ ਕਿ ਮੇਰੇ ਤਿੰਨਾਂ ਸਾਥੀਆਂ ਨੇ ਆਪਣਾ ਸਾਮਾਨ ਰੱਸੀਆਂ ਨਾਲ ਕੱਸ ਕੇ ਪਿੱਠਾਂ ਪਰ ਲਦ ਲਿਆ। ਮੇਰੇ ਲਈ ਇਹ ਇਕ ਨਵੀਂ ਗੱਲ ਸੀ, ਪਰ ਵਿਚਾਰਿਆ ਕਿ ਜੀਵਨ ਆਖ਼ਰ ਨਵੇਂ ਤਜਰਬਿਆਂ ਦਾ ਸੰਗ੍ਰਹਿ ਹੀ ਤਾਂ ਹੈ। ਵਾਧੂ ਸਾਮਾਨ ਇਕ ਦੁਕਾਨਦਾਰ ਪਾਸ ਰੱਖ ਦਿੱਤਾ। ਦੋ ਕੰਬਲ, ਦਰੀ, ਕੁਝ ਬਸਤਰ ਤੇ ਹੋਰ ਜ਼ਰੂਰੀ ਸਾਮਾਨ (ਰਜ਼ਾਈ ਅਤੇ ਤੁਲਾਈ ਦੀ ਵਰਤੋਂ ਬਚਪਣ ਵਿਚ ਹੀ ਤਿਆਗ ਛੱਡੀ ਸੀ) ਵਲ੍ਹੇਟ ਕੇ ਰੱਸੀਆਂ ਨਾਲ ਬੰਨ੍ਹ ਕੇ, ਮੈਂ ਵੀ ਪਿੱਠ ਪਰ ਲੱਦ ਲਿਆ ਅਤੇ ਆਪਣੀ ਇਸ ਨਵੀਂ ਭਾਂਤ ਦੀ ਮੁਹਿੰਮ ਦੇ ਜੋਸ਼ ਵਿਚ, ਸਾਥੀਆਂ ਦੇ ਪਿਛੇ ਪਿਛੇ ਹੋ ਪਿਆ। ਅਸੀਂ ਪੰਦਰ੍ਹਾਂ ਵੀਹ ਮੀਲ ਰੋਜ਼ ਸਫ਼ਰ ਕਰ ਕੇ, ਪੜਾਉ ਪੜਾਉ ਕਰਦੇ ਹੋਏ, ਘਾਂਗਰੀਆ ਪਹੁੰਚ ਗਏ।

ਰਸਤੇ ਵਿਚ ਮੈਂ ਮਤਾ ਪੇਸ਼ ਕੀਤਾ ਕਿ ਇਸ ਦਫ਼ਾ ਤਪ-ਅਸਥਾਨ ਪਰ ਤਿੰਨ ਦਿਨ ਠਹਿਰੀਏ ਅਤੇ ਅਖੰਡ ਪਾਠ ਕਰੀਏ। ਇਹ ਗੱਲ ਸਭ ਨੇ ਸਵੀਕਾਰ ਕੀਤੀ। ਗੁਰਦੁਆਰਾ ਸਾਹਿਬ ਦੇ ਅੰਦਰ ਤੇਲ ਨਹੀਂ ਸੀ ਜਲਾਉਣਾ, ਇਸ ਲਈ ਜੋਤ ਵਾਸਤੇ ਘਿਉ ਅਤੇ ਹੋਰ ਲੋੜੀਂਦਾ ਸਾਮਾਨ ਨਾਲ ਲੈ ਲਿਆ। ਉਨ੍ਹਾਂ ਦਿਨਾਂ ਵਿਚ ਅਜੇ ਸ੍ਰੀ ਹੇਮਕੁੰਟ ਲਈ ਸੜਕ ਜਾਂ ਕੋਈ ਰਸਤਾ ਨਹੀਂ ਸੀ ਬਣਿਆ ਹੋਇਆ। ਅੰਦਾਜ਼ੇ ਨਾਲ ਜਾਣਾ ਪੈਂਦਾ ਸੀ। (ਘਾਂਗਰੀਆ ਤੋਂ ਸ੍ਰੀ ਹੇਮਕੁੰਟ ਤਕ, ਚਾਰ ਮੀਲ ਦੀ ਸੜਕ, ਮਗਰੋਂ ੧੯੫੩-੫੪ ਵਿਚ, ਚੀਫ਼ ਖਾਲਸਾ ਦੀਵਾਨ ਨੇ ਆਪਣੇ ਖ਼ਰਚ ਨਾਲ ਬਣਵਾਈ ਸੀ)। ਉਪਰ ਛੱਡ ਆਉਣ ਵਾਸਤੇ, ਚੌਕੀਦਾਰ ਨਾਲ ਲੈ ਲਿਆ ਅਤੇ ਰਸਤੇ ਵਿਚ ਤਿਲ੍ਹਕਦੇ ਡਿਗਦੇ ਸ੍ਰੀ ਹੇਮਕੁੰਟ ਦੇ ਜਾ ਦਰਸ਼ਨ ਕੀਤੇ। ਉਥੇ ਅਖੰਡ ਪਾਠ ਸ਼ੁਰੂ ਕੀਤਾ। ਪਾਠ ਕਰਨ ਵਾਲੇ, ਮੈਂ ਤੇ ਸੰਤ ਜੀ ਹੀ ਸਾਂ। ਅਸਾਂ ਦੋ ਦੋ ਘੰਟੇ ਦੀ ਰੌਲ ਲਾਈ, ਤੀਜੇ ਨੇ ਚਾਹ ਪਾਣੀ ਦੀ ਸੇਵਾ ਕੀਤੀ ਅਤੇ ਹਵਾਲਦਾਰ ਜੀ ਨੇ, ਰਾਤ ਨੂੰ ਘਿਉ ਦੀ ਜੋਤ ਅਨਤੁਟ ਜਗਾ ਰੱਖਣ ਦੀ ਕਠਨ ਸੇਵਾ ਸਾਂਭੀ। ਇਸ ਉਚਾਈ ਦੀ ਰਾਤ ਦੀ ਠੰਡ ਨਾਲ, ਜੋਤ ਦੇ ਜਲਦੇ ਜਲਦੇ ਹੀ ਘਿਉ ਜੰਮ ਜਾਂਦਾ ਸੀ, ਇਸ ਕਰਕੇ ਦੀਵੇ ਦੇ ਹੇਠ ਹਰ ਵੇਲੇ ਪੱਖਾ ਕਰਦੇ ਹੋਏ, ਕੋਲੇ ਮਘਦੇ ਰੱਖਣੇ ਪਏ। ਰਾਤ ਭਰ ਦੀ ਇਹ ਕਠਨ ਸੇਵਾ, ਹਵਾਲਦਾਰ ਜੀ ਨੇ ਹੱਠ ਤੇ ਪ੍ਰੇਮ ਨਾਲ, ਸਫ਼ਲਤਾ ਨਾਲ ਨਿਭਾਈ। ਸਾਨੂੰ ਨੀਂਦ, ਭੁੱਖ, ਥਕਾਵਟ ਦਾ ਕੁਝ ਪਤਾ ਹੀ ਨਾ ਲੱਗਾ। ਪਾਠ ਨਾਲ ਸਭ ਨੂੰ ਬਹੁਤ ਸ਼ਾਂਤਮਈ ਅਨੰਦ ਪ੍ਰਤੀਤ ਹੋਇਆ। ਨਿਰਵਿਘਨ ਸਮਾਪਤੀ ਮਗਰੋਂ ਅਸੀਂ ਹੇਠਾਂ ਉਤਰ ਆਏ। ਸ੍ਰੀ ਹੇਮਕੁੰਟ ਪਰ ਇਹ

ਸਭ ਤੋਂ ਪਹਿਲਾ ਅਖੰਡ ਪਾਠ ਸੀ।

ਹਵਾਲਦਾਰ ਜੀ ਨੇ ਚੌਕੀਦਾਰ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਅਤੇ ਅਸੀਂ ਚਾਰੇ, ਉਸੀ ਤਰ੍ਹਾਂ ਪੜਾਉ ਕਰਦੇ, ਵਾਪਸ ਮਸੂਰੀ ਪਹੁੰਚ ਗਏ।

# ਗੋਬਿੰਦਘਾਟ ਦੀ ਯਾਤਰਾ

ਸੰਨ ੧੯੫੫ ਦੇ ਸ਼ੁਰੂ ਦੀ ਗੱਲ ਹੈ ਕਿ ਡਾਕਟਰ ਭਾਈ ਸਾਹਿਬ ਵੀਰ ਸਿੰਘ ਜੀ ਨਾਲ ਗੱਲਬਾਤ ਕਰਦਿਆਂ ਮੈਂ ਆਪਣਾ ਇਰਾਦਾ, ਕੁਝ ਸਮੇਂ ਲਈ, ਕਿਸੇ ਇਕਾਂਤ ਥਾਂ ਜਾ ਰਹਿਣ ਦਾ ਦੱਸਿਆ। ਭਾਈ ਸਾਹਿਬ ਨੇ ਸਲਾਹ ਦਿੱਤੀ ਕਿ ਮੈਂ ਗੋਬਿੰਦਘਾਟ ਚਲਾ ਜਾਵਾਂ, ਜਿਥੇ ਇਕਾਂਤ ਵੀ ਹੈ ਅਤੇ ਹਵਾਲਦਾਰ ਮੋਦਨ ਸਿੰਘ ਜੀ ਨੂੰ ਵੀ ਕਿਸੇ ਸਾਥੀ ਦੀ ਲੋੜ ਹੈ। ਸ੍ਰੀ ਹੇਮਕੁੰਟ ਦਾ ਨੇੜਾ ਹੋਣ ਕਰਕੇ ਮੈਨੂੰ ਇਹ ਗੱਲ ਚੰਗੀ ਲੱਗੀ। ਭਾਈ ਸਾਹਿਬ ਨੇ ਮਗਰੋਂ ਚਿੱਠੀਆਂ ਰਾਹੀਂ ਵੀ ਤਾਕੀਦ ਕੀਤੀ ਅਤੇ ਮੈਂ ਗੋਬਿੰਦਘਾਟ ਜਾਣ ਦੀ ਤਿਆਰੀ ਕਰ ਲਈ।

ਲੋੜੀਂਦਾ ਸਾਰਾ ਸਮਾਨ ਲੈ ਜਾਣ ਤੋਂ ਪਹਿਲਾਂ, ਮੈਂ ਸੋਚਿਆ ਕਿ ਇਕ ਵੇਰ ਗੋਬਿੰਦਘਾਟ ਜਾ ਕੇ, ਪਹਿਲਾਂ ਉਥੇ ਦਾ ਵਾਤਾਵਰਣ ਦੇਖ ਆਵਾਂ ਅਤੇ ਇਹ ਸਾਰਾ ਸਫ਼ਰ ਬਾਈਸਿਕਲ ਪਰ ਹੀ ਕਰਾਂ। ਜਦ ਕਦੇ ਦਿਮਾਗ਼ੀ ਆਰਾਮ ਅਤੇ ਜ਼ਰਾ ਹੱਥ ਪੈਰ ਖੋਲ੍ਹਣ ਦੀ ਲੋੜ ਹੁੰਦੀ ਤਾਂ ਪਹਿਲਾਂ ਵੀ ਮੈਂ ਕਈ ਵੇਰ ਵੱਖ ਵੱਖ ਪਾਸੇ ਦੇ ਪਹਾੜਾਂ ਵਿਚ ਸੈਂਕੜੇ ਮੀਲਾਂ ਦਾ ਲੰਮਾ ਸਫ਼ਰ ਸਾਈਕਲ ਪਰ ਕਰ ਆਉਂਦਾ ਸਾਂ, ਚੜ੍ਹਾਈ ਵਿਚ ਖਿੱਚਣਾ ਤੇ ਉਤਰਾਈ ਜਾਂ ਪੱਧਰ ਵਿਚ ਸਵਾਰੀ ਕਰ ਲੈਣੀ। ਸੋ ਬਿਸਤਰਾ ਅਤੇ ਲੋੜੀਂਦਾ ਸਮਾਨ ਜੋ ਕੁਲ ੨੦-੨੫ ਸੇਰ ਹੋਵੇਗਾ, ਸਾਈਕਲ ਪਰ ਰੱਖ ਲਿਆ ਅਤੇ ਰੋਪੜ ਤੋਂ, ਰਿਖੀਕੇਸ਼ ਹੁੰਦਾ ਹੋਇਆ, ਬਦਰੀਨਾਥ ਵਾਲੀ ਸੜਕ ਪਰ ਪਹੁੰਚ ਗਿਆ।

ਜਦ ਕਰਣ ਪ੍ਰਯਾਗ ਤੋਂ ਚੱਲਣ ਲੱਗਾ ਤਾਂ ਸੂਰਜ ਪੱਛਮ ਦੀ ਉਤਰਾਈ ਵਿਚ ਦੂਰ ਤਕ ਜਾ ਚੁੱਕਾ ਸੀ। ਅਜਿਹੇ ਸਫ਼ਰਾਂ ਵਿਚ ਮੇਰਾ ਸੁਭਾ ਕੁਝ ਹੱਠੀ ਅਤੇ Adventurous (ਹਿੰਮਤੀ) ਜਿਹਾ ਹੋ ਜਾਂਦਾ ਹੈ। ਕਰਣ ਪ੍ਰਯਾਗ ਦੇ ਡਾਕਬੰਗਲੇ ਦੇ ਅਰਾਮ ਨੂੰ ਭੁਲ ਕੇ, ਬਿਨਾਂ ਕੁਝ ਸੋਚੇ ਸਮਝੇ ਅਗੇ ਚਲ ਪਿਆ।

ਇਥੋਂ ਅਜੇ ੧੨-੧੩ ਮੀਲ ਹੀ ਅੱਗੇ ਗਿਆ ਸੀ ਕਿ ਸ਼ਾਮ ਹੋ ਗਈ। ਆਸਮਾਨ ਪਰ ਕਾਲੇ ਬੱਦਲਾਂ ਦੀ ਘਟਾ ਛਾ ਗਈ, ਠੰਡੀ ਠੰਡੀ ਹਵਾ ਰੁਮਕ ਰਹੀ ਸੀ ਅਤੇ ਹਨ੍ਹੇਰਾ ਪਲੋ-ਪਲੀ ਵਧਦਾ ਜਾ ਰਿਹਾ ਸੀ। ਇਸ ਵੇਲੇ ਮੈਂ ਇਕ ਪਹਾੜ ਦੀ ਨੁੱਕਰ ਮੁੜ ਕੇ, ਸੜਕ ਦੀ ਉਤਰਾਈ ਪਰ, ਤੇਰ੍ਹਾਂ ਕੁ ਮੀਲ ਦੀ ਰਫ਼ਤਾਰ ਨਾਲ, ਇਕ ਨਦੀ ਦੇ ਪੁਲ ਵਲ ਜਾ ਰਿਹਾ ਸਾਂ, ਜੋ ਸੜਕ ਦੇ ਖੱਬੇ ਪਾਸੇ, ਦੂਰ ਹੇਠਾਂ ਵਗ ਰਹੀ ਚਮਕਦੀ ਸੀ। ਨਦੀ ਵੱਲ ਸਿੱਧੀ ਜਿਹੀ ਢਲਾਣ ਸੀ ਅਤੇ ਸੜਕ ਦੇ ਸੱਜੇ ਪਾਸੇ, ਸਿੱਧੀ ਖੜੀ ਚਟਾਨ।

ਪਹਾੜ ਦੇ ਮੋੜ ਤੋਂ ਥੋੜ੍ਹੀ ਦੂਰ ਹੀ ਗਿਆ ਹੋਵਾਂਗਾ, ਜਦ ਕਿ ਪਿੱਛੇ ਮੁੜ ਕੇ ਦੇਖਿਆ। ਇਕ ਸੋਲ੍ਹਾਂ ਕੁ ਸਾਲ ਦੀ ਲੜਕੀ, ਪਹਾੜੀ ਪਹਿਰਾਵੇ ਵਿਚ, ਸਾਈਕਲ ਦੇ ਪਿੱਛੇ ਦੌੜਦੀ ਆ ਰਹੀ ਸੀ। ਮੈਂ ਕੁਝ ਗਹੁ ਨਾ ਕੀਤਾ। ਦੋ ਤਿੰਨ ਫ਼ਰਲਾਂਗ ਅਗੇ ਚਲ ਕੇ ਫਿਰ ਪਿੱਛੇ ਨੂੰ ਦੇਖਿਆ। ਉਹ ਹੁਣ ਵੀ ਸਾਈਕਲ ਦੇ ਮਗਰ ਦੌੜ ਰਹੀ ਸੀ। ਮੈਂ ਹੈਰਾਨ ਤਾਂ ਹੋਇਆ ਕਿ ਇਹ ਛੋਕਰੀ ਇੰਨੀ ਤੇਜ਼ ਕਿਵੇਂ ਦੌੜ ਸਕਦੀ ਹੈ, ਪਰ ਮੇਰਾ ਧਿਆਨ ਵਧ ਰਹੇ ਅੰਨ੍ਹੇਰੇ ਅਤੇ ਵਰਖਾ ਦੀ ਸੰਭਾਵਨਾ ਵੱਲ ਸੀ। ਥੋੜ੍ਹੀ ਦੂਰ ਹੋਰ ਗਿਆ ਕਿ ਮਿੰਨੀ ਮਿੰਨੀ ਵਰਖਾ ਦੀ ਫੁਹਾਰ ਸ਼ੁਰੂ ਹੋ ਗਈ ਅਤੇ ਬਰਸਾਤੀ ਉੱਪਰ ਲੈਣ ਲਈ ਠਹਿਰਨਾ ਪਿਆ। ਉਹ ਲੜਕੀ ਜੋ ਅਜੇ ਵੀ ਮਗਰ ਆ ਰਹੀ ਸੀ, ਹੁਣ ਸਾਈਕਲ ਦੇ ਪਿੱਛੇ ਖੜੀ ਹੋ ਗਈ। ਮੈਂ ਆਪਣੇ ਉੱਪਰ ਬਰਸਾਤੀ ਲੈ ਹੀ ਰਿਹਾ ਸੀ ਕਿ ਉਸ ਨੇ ਮੇਰੇ ਸਾਈਕਲ ਦੇ ਪਿੱਛੇ ਰੱਖੇ ਹੋਏ ਕਿੱਟ ਪਰ ਇਕ ਅਨੋਖੇ ਪਿਆਰ ਨਾਲ ਹੌਲੀ ਹੌਲੀ ਹੱਥ ਫੇਰਿਆ, ਜਿਸ ਵਿਚ ਇਕ ਮਾਤਾ ਦੇ ਪਿਆਰ ਜਿਹਾ ਨਿੱਘ ਸੀ। ਇਸ ਤਰ੍ਹਾਂ ਉਸ ਨੇ ਸਮਝਾਇਆ ਕਿ ਕਿੱਟ ਉਪਰ ਵੀ ਬਰਸਾਤੀ ਦਾ ਇਕ ਪੱਲਾ ਪਾ ਦੇਵਾਂ। ਇਸ ਦੇ ਬਾਅਦ ਉਹ ਸਾਈਕਲ ਦੇ ਅੱਗੇ ਆ ਖੜੀ ਹੋਈ। ਮੈਨੂੰ ਰੁਕਣਾ ਪਿਆ ਅਤੇ ਸਹਿਜ ਸੁਭਾ ਉਸ ਨੂੰ ਪੰਜਾਬੀ ਬੋਲੀ ਵਿਚ ਪੁਛਿਆ ਕਿ "ਤੂੰ ਕਿੱਥੇ ਰਹਿੰਦੀ ਹੈਂ?" ਉਹ ਬੋਲੀ ਕੁਝ ਨਹੀਂ, ਮੇਰੀ ਗੱਲ ਠੀਕ ਸਮਝ ਗਈ ਅਤੇ ਉਪਰ ਵੱਲ ਇਸ਼ਾਰਾ ਕੀਤਾ, ਜੋ ਮੈਂ ਕਿਸੇ ਪਹਾੜ ਦੀ ਚੋਟੀ ਪਰ ਕੋਈ ਪਿੰਡ ਸਮਝਿਆ। ਮੈਂ ਫਿਰ ਪੁਛਿਆ, "ਤੂੰ ਕਿਥੋਂ ਆਈ ਹੈਂ?" ਉਸ ਨੇ ਆਪਣੇ ਪਿਛਲੇ ਪਾਸੇ ਵਲ ਇਸ਼ਾਰਾ ਕੀਤਾ ਜਿੱਧਰ ਕਿ ਸ੍ਰੀ ਹੇਮਕੁੰਟ ਸੀ। ਇਸ ਪ੍ਰਸ਼ਨ ਪਰ ਕਿ ਤੂੰ ਹੁਣ ਕਿੱਧਰ ਜਾ ਰਹੀ ਹੈਂ, ਉਸ ਨੇ ਆਪਣੇ ਹੱਥ ਨਾਲ ਪਹਿਲਾਂ ਆਪਣੇ ਵਲ ਇਸ਼ਾਰਾ ਕੀਤਾ, ਫਿਰ ਮੇਰੀ ਵਲ। ਇਸ ਤਰ੍ਹਾਂ ਉਸ ਨੇ ਦੱਸਿਆ ਕਿ ਮੈਂ ਤੇਰੀ

ਵਲ ਆਈ ਹਾਂ। ਦੋ ਤਿੰਨ ਹੋਰ, ਪੰਜਾਬੀ ਬੋਲੀ ਵਿਚ ਹੀ ਪ੍ਰਸ਼ਨ ਕੀਤੇ, ਜਿਨ੍ਹਾਂ ਦਾ ਉੱਤਰ ਉਸ ਨੇ ਇਸ਼ਾਰਿਆਂ ਨਾਲ ਹੀ ਦਿੱਤਾ। ਫਿਰ ਉਹ ਸਾਈਕਲ ਦੇ ਅੱਗੇ ਤੋਂ ਲਾਂਭੇ ਹੋ ਕੇ, ਨਦੀ ਵਾਲੇ ਪਾਸੇ, ਸੜਕ ਦੇ ਕਿਨਾਰੇ ਬੰਨੀ ਪਰ ਬੈਠ ਗਈ। ਮੈਨੂੰ ਕੁਝ ਕਾਹਲੀ ਸੀ, ਅੰਨ੍ਹੇਰਾ ਅਤੇ ਵਰਖਾ ਵਧ ਰਹੀ ਸੀ। ਦੂਜੇ, ਇਕ ਲੜਕੀ ਨਾਲ, ਅਜਿਹੀ ਇਕਾਂਤ ਵਿਚ, ਬੇਮਤਲਬ ਬੋਲਣ ਤੋਂ ਸੰਕੋਚ ਜਿਹਾ ਵੀ ਸੀ। ਕੁਝ ਅਜਿਹੇ ਭਾਵਾਂ ਵਿਚ ਮੈਂ ਅੱਗੇ ਚਲਣ ਵਾਸਤੇ, ਸਾਈਕਲ ਪਰ ਚੜ੍ਹਨ ਲੱਗੇ ਇਕ ਗੱਲ ਹੋਰ ਪੁੱਛੀ ਕਿ, "ਤੇਰਾ ਨਾਉਂ ਕੀ ਹੈ?" ਉਸ ਨੇ ਉੱਤਰ ਦਿੱਤਾ "ਰੁਦ੍ਰ ਸਿੰਘ।" ਮੈਂ ਕਿਹਾ, "ਤੂੰ ਤਾਂ ਲੜਕੀ ਹੈਂ, ਤੇਰਾ ਨਾਉਂ 'ਸਿੰਘ' ਕਿਵੇਂ?" ਉਹ ਆਪਣੇ ਮੂੰਹ ਪਰ ਪੱਲਾ ਰੱਖ ਕੇ ਇਕ ਅਨੋਖੇ ਅੰਦਾਜ਼ ਨਾਲ ਮੁਸਕਰਾਈ, ਜਿਸ ਵਿਚ ਇਕ ਅਕਹਿ ਸੁੰਦਰਤਾ ਤੇ ਖਿੱਚ ਸੀ। ਮੈਂ ਵੀ ਮੁਸਕਰਾਇਆ ਅਤੇ ਸਾਈਕਲ ਪਰ ਸਵਾਰ ਹੋ ਕੇ ਅੱਗੇ ਚੱਲ ਪਿਆ। ਪੰਜ ਸਤ ਗਜ਼ ਅੱਗੇ ਚਲ ਕੇ ਜਦ ਪਿਛਲੇ ਪਾਸੇ ਦੇਖਿਆ ਤਾਂ ਉਥੇ ਕੋਈ ਵੀ ਨਹੀਂ ਸੀ। ਮੈਂ ਸਾਈਕਲ ਤੋਂ ਉਤਰ ਪਿਆ। ਸੜਕ ਖ਼ਾਲੀ ਸੀ। ਸੜਕ ਦੇ ਆਸੇ ਪਾਸੇ ਜਾਣਾ ਸੰਭਵ ਨਹੀਂ ਸੀ। ਮੈਂ ਸੋਚ ਵਿਚ ਪੈ ਗਿਆ। ਉਸ ਪਹਾੜੀ ਲਿਬਾਸ ਵਾਲੀ ਦਾ ਠੇਠ ਪੰਜਾਬੀ ਸਮਝਣਾ, ੧੩ ਮੀਲ ਦੀ ਰਫ਼ਤਾਰ ਨਾਲ ਦੌੜਨਾ, ਆਪ ਨੂੰ "ਰੁਦ੍ਰ ਸਿੰਘ" ਆਖਣਾ, ਤਰ੍ਹਾਂ ਤਰ੍ਹਾਂ ਦੇ ਭਾਵਾਂ ਵਾਲੇ ਇਸ਼ਾਰੇ ਅਤੇ ਇਕ ਅਪਣੱਤ ਦੱਸਣਾ, ਸਭ ਕੁਝ ਅਨੋਖੀ ਗੱਲ ਸੀ। ਮੈਂ ਮਹਿਸੂਸ ਕੀਤਾ ਕਿ ਉਸ ਸਮੇਂ ਮੇਰੀ ਬੁੱਧੀ ਪਰ ਪਰਦਾ ਪੈ ਗਿਆ ਸੀ, ਜੋ ਮੈਨੂੰ ਉਸ ਸੰਬੰਧੀ ਨਿਰਣਾ ਕਰਨ ਦਾ ਖ਼ਿਆਲ ਹੀ ਨਹੀਂ ਆਇਆ। ਮੈਂ ਲੜਕੀ ਦਾ ਹੱਥ ਨਹੀਂ ਸੀ ਪਕੜ ਸਕਦਾ, ਉਸ ਦੇ ਪੈਰ ਕਿਉਂ ਨਾ ਪਕੜ ਲਏ, ਜਦ ਤਕ ਉਹ ਆਪਣੀ ਅਸਲੀਅਤ ਨਾ ਦੱਸਦੀ।

ਆਖ਼ਰ ਮੈਂ ਅੱਗੇ ਚਲ ਪਿਆ ਅਤੇ ਖ਼ਿਆਲਾਂ ਦੇ ਉਤਰਾ ਚੜ੍ਹਾ ਵਿਚ ਨਦੀ ਦੇ ਪੁਲ ਪਰ ਪਹੁੰਚ ਗਿਆ। ਪੁਲ ਪਾਰ ਕੀਤਾ। ਇਸ ਵੇਲੇ ਤਾਈਂ ਰਾਤ ਰਾਣੀ ਨੇ ਆਪਣੀ ਕਾਲੀ ਚਾਦਰ ਧਰਤੀ ਉਪਰ ਫੈਲਾ ਦਿੱਤੀ ਸੀ, ਜਿਸ ਦੇ ਹੇਠਾਂ ਤਰ੍ਹਾਂ ਤਰ੍ਹਾਂ ਦੇ ਰੰਗ ਵਰਤਦੇ ਹਨ। ਸੰਤਾਂ ਅਤੇ ਚੋਰ ਡਾਕੂਆਂ ਦੀ ਲਗਨ ਆਪਣਾ ਅਮਲੀ ਜਾਮਾ ਪਹਿਨ ਲੈਂਦੀ ਹੈ। ਇਕ ਤਾਂ ਰਾਤ ਦਾ ਸਮਾਂ, ਦੂਜਾ ਕਾਲੇ ਬੱਦਲ, ਹੱਥ ਪਸਾਰਿਆਂ ਨਹੀਂ ਸੀ ਦਿੱਸਦਾ। ਅਜਿਹੇ ਅੰਨ੍ਹੇਰੇ ਵਿਚ ਵੀ ਸਫ਼ਰ ਕਰਨ ਦੇ ਮੌਕੇ ਮਿਲੇ ਹਨ। ਸਾਈਕਲ ਤੋਂ ਉਤਰ ਕੇ ਨੰਗੇ ਪੈਰ ਹੋ ਜਾਉ, ਪਥਰੀਲੀ ਸੜਕ ਤੋਂ

ਹੇਠਾਂ ਪੈਰ ਨਾ ਉਤਰੇ। ਪਰ ਬਾਗਸ਼ ਦਾ ਡਰ ਸੀ। ਪੁਲ ਦੇ ਸੱਜੇ ਪਾਸੇ ਕੁਝ ਮੈਦਾਨ ਜਿਹਾ ਦਿਸਿਆ। ਉਧਰ ਵਧਿਆ ਤਾਂ ਇਕ ਵੱਡੀ ਦੋ ਮੰਜ਼ਲੀ ਇਮਾਰਤ ਨਜ਼ਰ ਆਈ। ਮੈਂ ਇਕ ਦਰਵਾਜ਼ਾ ਖਟਖਟਾਇਆ। ਦਰਵਾਜ਼ਾ ਖੁਲ੍ਹਿਆ। ਇਹ ਇਕ ਛੋਟੀ ਜਿਹੀ ਦੁਕਾਨ ਸੀ, ਜੋ ਆਏ ਗਏ, ਜੰਗਲ ਤੇ ਸੜਕ ਦੇ ਮਜ਼ਦੂਰਾਂ ਦੇ ਆਸਰੇ ਚਲਦੀ ਸੀ। ਅੰਦਰ ਬੈਠੇ ਮਾਲਕ ਨੇ ਦੀਵਾ ਬਾਲਿਆ। ਉਸ ਦੇ ਪਾਸ, ਉਸ ਦਾ ਕੋਈ ਮਿੱਤਰ ਵੀ ਬੈਠਾ ਸੀ। ਮੈਂ ਪੁਛਿਆ ਕਿ "ਇਥੇ ਰਾਤ ਨੂੰ ਠਹਿਰਨ ਦਾ ਕੋਈ ਪ੍ਰਬੰਧ ਹੋ ਜਾਵੇਗਾ?" ਉਨ੍ਹਾਂ ਦੋਹਾਂ ਨੇ ਆਪਸ ਵਿਚ ਕੁੱਝ ਗੁੱਝੇ ਇਸ਼ਾਰੇ ਕੀਤੇ। ਮੈਨੂੰ ਉੱਤਰ ਮਿਲਿਆ ਕਿ "ਹਾਂ ਉਪਰ ਆ ਜਾਵੋ, ਜਗ੍ਹਾ ਮਿਲ ਜਾਵੇਗੀ।" ਮੇਰਾ ਸਾਈਕਲ ਅਤੇ ਬਾਕੀ ਸਾਰਾ ਸਾਮਾਨ ਹੇਠਾਂ ਇਕ ਕਮਰੇ ਵਿਚ ਰਖਵਾ ਦਿੱਤਾ ਅਤੇ ਬਿਸਤਰਾ ਚੁੱਕ ਕੇ ਮੈਨੂੰ ਉੱਪਰਲੀ ਮੰਜ਼ਿਲ ਵਿਚ, ਨਦੀ ਦੇ ਪਾਸੇ ਵਲ, ਇਕ ਖ਼ਾਲੀ ਕਮਰੇ ਵਿਚ ਜਗ੍ਹਾ ਦੇ ਦਿੱਤੀ। ਰਾਤ ਦੇ ਸੱਨਾਟੇ ਵਿਚ, ਪਾਸ ਵਗ ਰਹੀ ਨਦੀ ਦੀ "ਸ਼ਾਂ-ਸ਼ਾਂ", ਮਾਨੋ ਲੋਰੀਆਂ ਦੇ ਰਹੀ ਸੀ। ਕੁੱਝ ਥਕਾਵਟ ਵੀ ਸੀ। ਫ਼ਰਸ਼ ਪਰ ਬਿਸਤਰਾ ਵਿਛਾ ਕੇ ਲੇਟਦੇ ਹੀ ਗਹਿਰੀ ਨੀਂਦ ਆ ਗਈ।

ਅਜੇ ਰਾਤ ਦੇ ਗਿਆਰਾਂ ਕੁ ਹੀ ਵਜੇ ਸਨ ਕਿ ਅਚਾਨਕ ਹੀ ਮੇਰੀ ਨੀਂਦ ਖੁਲ੍ਹ ਗਈ ਅਤੇ ਮੈਂ ਉਠ ਕੇ ਬੈਠ ਗਿਆ। ਕੀ ਦੇਖਦਾ ਹਾਂ ਕਿ ਦਰਵਾਜ਼ੇ ਵਲੋਂ ਦੋ ਆਦਮੀ, ਅੱਗੇ ਪਿੱਛੇ ਦਬੇ ਪੈਰ, ਸਿਰ ਝੁਕਾਏ ਹੋਏ, ਮੇਰੀ ਵਲ ਹੌਲੀ ਹੌਲੀ ਵਧੇ ਆ ਰਹੇ ਹਨ। ਅਗਲੇ ਆਦਮੀ ਦੇ ਹਥ ਵਿਚ ਟਾਰਚ ਸੀ, ਪਿਛਲੇ ਦੇ ਹਥ ਵਿਚ ਇਕ ਵੱਡਾ ਛੁਰਾ ਜਿਹਾ। ਮੈਂ ਕੜਕਦੀ ਅਵਾਜ਼ ਨਾਲ ਉਨ੍ਹਾਂ ਨੂੰ ਵੰਗਾਰਿਆ ਅਤੇ ਟਾਕਰੇ ਲਈ ਉੱਠਣ ਹੀ ਲੱਗਾ ਸਾਂ ਕਿ ਉਹ ਦੋਵੇਂ ਤ੍ਰਬਕ ਕੇ ਸਿੱਧੇ ਖੜੇ ਹੋ ਗਏ ਅਤੇ ਜਿਵੇਂ ਕੋਈ ਅਪਰਾਧੀ, ਆਪਣੇ ਕਰਤਬ ਵਿਚ ਨਿਸਫ਼ਲ ਹੋ ਕੇ ਝੂਠਾ ਪੈ ਕੇ, ਸਫ਼ਾਈ ਪ੍ਰਗਟ ਕਰਨ ਦਾ ਯਤਨ ਕਰਦਾ ਹੈ, ਉਹ ਬੋਲੇ, "ਤੁਸੀਂ ਕੋਈ ਫ਼ਿਕਰ ਨਾ ਕਰੋ, ਇਥੇ ਕਿਸੇ ਕਿਸਮ ਦਾ ਕੋਈ ਡਰ ਨਹੀਂ, ਅਸੀਂ ਤਾਂ ਦੇਖਣ ਆਏ ਹਾਂ ਕਿ ਆਪ ਨੂੰ ਸਭ ਤਰ੍ਹਾਂ ਆਰਾਮ ਹੈ।" ਉਸ ਸਮੇਂ ਮੈਨੂੰ ਆਪਣੇ ਜਾਗ ਪੈਣ ਦਾ, ਸਰੀਰ ਦੀ ਹਰਕਤ ਅਤੇ ਬੋਲਣ ਦਾ ਕੁਝ ਪਤਾ ਨਹੀਂ ਸੀ। ਇੰਜ ਜਾਪਦਾ ਸੀ ਜਿਵੇਂ ਮੇਰੇ ਅੰਦਰ ਕੋਈ ਸ਼ਕਤੀ ਕੰਮ ਕਰ ਰਹੀ ਹੈ ਅਤੇ ਸਰੀਰ ਵਿਚ ਇਤਨਾ ਬਲ ਹੈ ਕਿ ਦੋਹਾਂ ਦੀ ਗਰਦਨ ਮਰੋੜ ਕੇ ਹੇਠਾਂ ਸੁੱਟ ਸਕਦਾ ਹਾਂ।

ਇਹ ਮਾਲਕ-ਮਕਾਨ ਅਤੇ ਉਸ ਦਾ ਮਿੱਤਰ ਸਨ। ਆਪਣੀ ਸਫ਼ਾਈ ਦੱਸ ਕੇ

ਇਹ ਵਾਪਸ ਹੇਠਾਂ ਚਲੇ ਗਏ, ਪਰ ਮੇਰੇ ਤਾਈਂ ਸਪੱਸ਼ਟ ਹੋ ਗਿਆ ਕਿ ਮੇਰਾ ਸਾਈਕਲ, ਸੋਨੇ ਦੀ ਘੜੀ ਅਤੇ ਮਾਇਆ ਦੇ ਅਨੁਮਾਨ ਨੇ, ਉਨ੍ਹਾਂ ਦੀ ਨੀਅਤ ਬਦਲ ਦਿੱਤੀ ਹੈ। ਮੈਂ ਸੁਣਿਆ ਹੋਇਆ ਸੀ ਕਿ ਬਦਰੀ ਨਾਥ ਦੇ ਕਈ ਪੈਦਲ ਸਫ਼ਰ ਕਰਨ ਵਾਲੇ ਯਾਤਰੂ ਗੁੰਮ ਹੋ ਜਾਂਦੇ ਹਨ। ਭੇਖੀ ਸਾਧੂ ਅਤੇ ਕਈ ਸਥਾਨਕ ਲੋਕ, ਯਾਤਰੂਆਂ ਨੂੰ ਲੁਟ ਕੇ, ਜਾਨ ਤੋਂ ਮਾਰ ਕੇ, ਕਿਸੇ ਨਦੀ ਵਿਚ ਸੁੱਟ ਦੇਂਦੇ ਹਨ, ਜੋ ਥਾਂ ਥਾਂ ਪਰ ਵਗਦੀਆਂ ਹਨ। ਨਾ ਮਾਰਨ ਵਾਲੇ ਦਾ ਪਤਾ ਲਗਦਾ ਹੈ, ਨਾ ਮਾਰੇ ਜਾਣ ਵਾਲੇ ਦਾ।

ਹੁਣ ਨੀਂਦ ਭੁਲ ਗਈ। ਬਿਸਤਰਾ ਚੁੱਕ ਕੇ ਹੇਠਾਂ ਆ ਗਿਆ ਅਤੇ ਇਮਾਰਤ ਦੇ ਬਾਹਰਵਾਰ, ਦੀਵਾਰ ਦੇ ਨਾਲ ਬਣੇ ਹੋਏ ਇਕ ਥੜੇ ਪਰ ਆ ਬੈਠਾ। ਸਾਈਕਲ ਅਤੇ ਸਾਮਾਨ ਅੰਦਰੋਂ ਕੱਢ ਲਿਆ। ਸਾਈਕਲ ਆਪਣੇ ਸਾਹਮਣੇ ਰੱਖ ਕੇ, ਸਵੇਰ ਦੀ ਰੋਸ਼ਨੀ ਨੂੰ ਉਡੀਕਣ ਲੱਗਾ। ਹੁਣ ਉਸ "ਲੜਕੀ" ਦੇ ਕੌਤਕ ਨੂੰ ਸਮਝ ਗਿਆ। ਮੈਨੂੰ ਗੱਲ ਯਾਦ ਆ ਗਈ ਕਿ ਕਿਸੇ ਵੱਡੀ ਦੁਰਘਟਨਾ ਤੋਂ ਪਹਿਲਾਂ ਚਿਤਾਵਨੀ ਹੋ ਜਾਇਆ ਕਰਦੀ ਹੈ। ਇਹ ਕਈ ਪ੍ਰਕਾਰ ਨਾਲ ਹੁੰਦੀ ਹੈ। ਪਰ ਇਹ ਚਿਤਾਵਨੀ ਵੀ ਨਹੀਂ। ਜਾਚਕ ਦੇ ਸਿਦਕ ਤੇ ਪ੍ਰੇਮ ਵਧਾਉਣ ਲਈ ਕਿਰਪਾਲੂ ਸਤਿਗੁਰਾਂ ਵਲੋਂ ਇਸ਼ਾਰਾ ਹੁੰਦਾ ਹੈ, ਮਤਾਂ ਆਪਣੇ ਬਲ ਪਰ ਹਉਮੈ ਤੇ ਹੰਕਾਰ ਹੋ ਜਾਵੇ।

ਉਹ ਦੋਵੇਂ ਪ੍ਰੇਮੀ ਆਪਣੇ ਇਰਾਦੇ ਵਿਚ ਤੁਲੇ ਹੋਏ ਮਲੂਮ ਹੁੰਦੇ ਸਨ। ਥੋੜ੍ਹੀ ਥੋੜ੍ਹੀ ਦੇਰ ਬਾਅਦ, ਵੱਖ ਵੱਖ ਪਾਸੇ ਤੋਂ ਹੋ ਕੇ ਝਾਤੀਆਂ ਮਾਰਦੇ, ਪਰ ਹਰ ਵੇਲੇ ਮੈਨੂੰ ਸਾਵਧਾਨ ਦੇਖ ਕੇ, ਨਿਰਾਸ ਹੋ ਕੇ ਮੁੜ ਜਾਂਦੇ।

ਆਖ਼ਰ ਆਪਣੀ ਬੁੱਕਲ ਵਿਚ ਕਈ ਤਰ੍ਹਾਂ ਦੇ ਖੇਡ ਵਰਤਾ ਕੇ, ਸੂਰਜ ਤੋਂ ਡਰਦੀ ਹੋਈ ਰਾਤ ਖਿਸਕਣ ਲੱਗੀ। ਸੜਕ ਚੰਗੀ ਤਰ੍ਹਾਂ ਦਿੱਸਣ ਲੱਗ ਪਈ। ਮੈਂ ਆਪਣਾ ਸਾਮਾਨ ਸਾਈਕਲ ਪਰ ਰੱਖ ਕੇ ਉਥੋਂ ਚਲ ਪਿਆ। ਖ਼ੂਨ ਦੀ ਖੇਡ ਤੋਂ ਵਾਹਿਗੁਰੂ ਜੀ ਨੇ ਬਚਾ ਲਿਆ।

ਇਨ੍ਹਾਂ ਪਹਾੜਾਂ ਵਿਚ ਬਹੁਤ ਸਾਰੇ ਲੋਕਾਂ ਨੇ ਕਦੇ ਸਾਈਕਲ ਨਹੀਂ ਸੀ ਦੇਖਿਆ ਅਤੇ ਕਈ ਹਾਸੋ-ਹੀਣੀਆਂ ਘਟਨਾਵਾਂ ਹੋਈਆਂ, ਪਰ ਇਹ ਸਾਡਾ ਵਿਸ਼ਾ ਨਹੀਂ।

ਦੂਜੇ ਦਿਨ ਮੈਂ ਗੋਬਿੰਦ ਘਾਟ ਪਹੁੰਚ ਗਿਆ। ਓਥੇ ਦੋ ਚਾਰ ਦਿਨ ਠਹਿਰ ਕੇ

ਹਰ ਗੱਲ ਦਾ ਅਨੁਮਾਨ ਲਾਇਆ। ਸ੍ਰੀ ਹੇਮਕੁੰਟ ਜਾਣਾ ਅਜੇ ਸੰਭਵ ਨਹੀਂ ਸੀ। ਸੋ ਉਸੀ ਤਰ੍ਹਾਂ ਵਾਪਸ ਆ ਗਿਆ, ਪੜਾਉ ਕਰਦਾ।

## ਸ੍ਰੀ ਹੇਮਕੁੰਟ ਦੀਆਂ ਹੋਰ ਯਾਤਰਾਵਾਂ

ਉਸੀ ਸਾਲ, ਮਈ ਦੇ ਮਹੀਨੇ, ਸਾਮਾਨ ਲੈ ਕੇ ਮੈਂ ਫਿਰ ਵਾਪਸ ਗੋਬਿੰਦਘਾਟ ਪਹੁੰਚ ਗਿਆ। ਸ੍ਰੀ ਹੇਮਕੁੰਟ ਦੇ ਦਰਸ਼ਨਾਂ ਦੀ ਤਾਂਘ ਸੀ। ਜੂਨ ਦੇ ਸ਼ੁਰੂ ਵਿਚ ਇਕ ਸੰਤ ਉਥੇ ਪਹੁੰਚ ਗਏ। ਅਸੀਂ ਦੋਵੇਂ ਸ੍ਰੀ ਹੇਮਕੁੰਟ ਲਈ ਚਲ ਪਏ। ਰਸਤੇ ਵਿਚ ਅਜੇ ਕਿਤੇ ਕਿਤੇ ਥੋੜ੍ਹੀ ਬਰਫ਼ ਮੌਜੂਦ ਸੀ, ਪਰ ਸ੍ਰੀ ਹੇਮਕੁੰਟ ਪਰ ਤਾਂ ਅਜੇ ਢਾਈ ਤਿੰਨ ਫੁਟ ਬਰਫ਼ ਬਾਕੀ ਸੀ। ਅਸੀਂ ਬਰਫ਼ ਤੋੜ ਕੇ ਗੁਰਦੁਆਰਾ ਸਾਹਿਬ ਦਾ ਦਰਵਾਜ਼ਾ ਖੋਲ੍ਹਿਆ, ਅੰਦਰ ਜਾ ਕੇ ਮੱਥਾ ਟੇਕਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਪਲੰਘ ਪਰ ਅਸਥਾਪਣ ਸਨ। ਕਮਰਾ ਅੰਦਰੋਂ ਸੁੱਕਾ ਸੀ, ਪਰ ਚੂਹਿਆਂ ਨੇ ਆਪਣੀਆਂ ਡੂਡਾਂ ਅੰਦਰ ਤਕ ਪਹੁੰਚਾ ਛੱਡੀਆਂ ਸਨ। ਅਸੀਂ ਉਸੇ ਦਿਨ ਵਾਪਸ ਚਲ ਪਏ, ਪਰ ਮਨ ਵਿਚ ਸੇਵਾ ਲਈ ਖਿੱਚ ਹੋਈ ਅਤੇ ਸਤਿਗੁਰਾਂ ਦੇ ਆਸਰੇ, ਇਥੇ ਦੁਬਾਰਾ ਆ ਕੇ ਕੁਝ ਸਮਾਂ ਰਹਿਣ ਦਾ ਇਰਾਦਾ ਕਰ ਲਿਆ, ਤਾਂ ਜੁ ਰੋਜ਼ ਸੇਵਾ ਸਫ਼ਾਈ ਹੋ ਸਕੇ ਅਤੇ ਪ੍ਰਕਾਸ਼ ਵੀ ਹੋਵੇ।

ਦਿਨ ਗਿਣਦਿਆਂ, ਜਦ ਸ੍ਰੀ ਹੇਮਕੁੰਟ ਪਰ ਬਰਫ਼ ਢਲ ਗਈ ਤਾਂ ਮੈਂ ਗੋਬਿੰਦ ਘਾਟ ਤੋਂ ਚਲਣ ਦਾ ਦਿਨ ਨੀਅਤ ਕਰ ਲਿਆ।

ਸ੍ਰੀ ਹੇਮਕੁੰਟ ਪਰ ਜਾ ਕੇ ਉਥੇ ਖਾਣ ਪੀਣ ਲਈ ਚੀਜ਼ਾਂ ਬਣਾਉਣਾ, ਕੀਮਤੀ ਸਮੇਂ ਨੂੰ ਵਿਅਰਥ ਖ਼ਰਾਬ ਕਰਨਾ ਪ੍ਰਤੀਤ ਹੋਇਆ। ਸੋ ਖਾਣ ਵਾਸਤੇ ਕੁਝ ਭੁੰਨੇ ਅਤੇ ਕੱਚੇ ਛੋਲੇ, ਇਕ ਇਕ ਡੱਬਾ ਓਵਲਟੀਨ ਅਤੇ ਸੁੱਕੇ ਦੁੱਧ ਦਾ ਅਤੇ ਜੋਤ ਵਾਸਤੇ ਘਿਉ ਦਾ ਪ੍ਰਬੰਧ ਕਰ ਲਿਆ।

ਗੋਬਿੰਦ ਘਾਟ ਤੋਂ ਚੱਲਣ ਵਾਲੇ ਦਿਨ, ਜਦ ਮੈਂ ਅੰਮ੍ਰਿਤ ਵੇਲੇ ਜਾਗਿਆ ਹੀ ਸਾਂ, ਤਾਂ ਸਪੱਸ਼ਟ ਤੌਰ ਪਰ ਕਿਸੇ ਨੇ ਕਿਹਾ ਕਿ "ਉਪਰ ਜਾਏਂਗਾ ਤਾਂ ਤੇਰੀ ਮੌਤ ਹੋ ਜਾਵੇਗੀ।" ਇਹ ਅਵਾਜ਼ "ਸੱਜਨ" ਦੀ ਨਹੀਂ ਸੀ। ਪਰ ਪਰਵਾਹ ਨਾ ਕੀਤੀ। ਚੱਲਣ ਵੇਲੇ ਅਰਦਾਸ ਕੀਤੀ, ਹੁਕਮ ਲਿਆ ਤਾਂ "ਲਾਵਾਂ" ਵਾਲਾ ਸ਼ਬਦ ਸੀ।

ਸਿੱਖ ਦਾ ਵਿਆਹ, "ਲਾੜੀ ਮੌਤ" ਨਾਲ ਨਹੀਂ ਹੋਇਆ ਕਰਦਾ, ਅਕਾਲ ਪੁਰਖ ਨਾਲ ਹੋ ਸਕਦਾ ਹੈ। ਸੋ ਮੈਂ ਖ਼ੁਸ਼ ਹੋਇਆ। ਉਪ੍ਰੋਕਤ ਸਾਮਾਨ, ਦੋ ਤਿੰਨ ਸੂਤੀ ਕਮੀਜ਼ ਪਜਾਮੇ, ਤਿੰਨ ਸਵੈਟਰ ਅਤੇ ਬਿਸਤਰਾ ਬੰਨ੍ਹ ਕੇ ਕੁਲੀ ਦੇ ਸਪੁਰਦ ਕੀਤਾ ਅਤੇ ਸ੍ਰੀ ਹੇਮਕੁੰਟ ਲਈ ਚਲ ਪਿਆ। ਮੈਨੂੰ ਉੱਪਰ ਛੱਡ ਆਉਣ ਵਾਸਤੇ ਗੁਰਦੁਆਰੇ ਦਾ ਠੇਕੇਦਾਰ ਅਤੇ ਚੌਕੀਦਾਰ ਨਾਲ ਰਲ ਗਏ।

ਸ੍ਰੀ ਹੇਮਕੁੰਟ ਪਹੁੰਚ ਕੇ ਗੁਰਦੁਆਰਾ ਸਾਹਿਬ ਵਿਚ ਡੇਰਾ ਲਾਉਣਾ ਠੀਕ ਨਾ ਸਮਝਿਆ, ਇਸ ਕਰਕੇ ਮੰਦਰ ਦੇ ਸਾਹਮਣੇ, ਪੁਰਾਣੀ ਜਿਹੀ ਧਰਮਸਾਲਾ ਵਿਚ, ਸਰੋਵਰ ਵਾਲੇ ਪਾਸੇ, ਖਿੜਕੀ ਵਾਲੇ ਖੂੰਜੇ ਵਿਚ ਆਪਣਾ ਆਸਨ ਲਗਾ ਲਿਆ, ਬਾਕੀ ਧਰਮਸਾਲਾ ਦੀ ਸਾਰੀ ਛਤ ਚੋਂਦੀ ਸੀ। ਮੇਰਾ ਇਥੇ ਇਕੱਲੇ ਰਹਿਣਾ, ਮੇਰੇ ਸਾਥੀਆਂ ਦੇ ਖ਼ਿਆਲ ਅਨੁਸਾਰ ਅਨਹੋਣੀ ਜਿਹੀ ਗੱਲ ਸੀ, ਇਸ ਲਈ ਮੇਰੇ ਭਵਿਖਤ ਨੂੰ ਅੰਨ੍ਹੇਰੇ ਵਿਚ ਸਮਝ ਕੇ, ਇਨ੍ਹਾਂ ਨੇ ਬਹੁਤ ਉਦਾਸ ਜਿਹੇ ਚਿਹਰੇ ਨਾਲ, ਵਾਪਸ ਜਾਣ ਲਈ ਆਗਿਆ ਮੰਗੀ, ਜਿਵੇਂ ਕੋਈ ਹਮੇਸ਼ਾ ਲਈ ਵਿਛੜਨ ਲਗਦਾ ਹੈ। ਮੈਂ ਹੌਸਲਾ ਦਿੱਤਾ ਅਤੇ ਮੁਸਕਰਾ ਕੇ ਕਿਹਾ ਕਿ ਤੁਸੀਂ ਮਾਤ ਲੋਕ ਨੂੰ ਜਾਓ, ਮੈਂ ਤਾਂ ਹੁਣ ਸਵਰਗ ਲੋਕ ਦਾ ਵਾਸੀ ਬਣ ਗਿਆ ਹਾਂ। ਉਹ ਹੌਲੀ ਹੌਲੀ ਚਲਦੇ, ਪਿੱਛੇ ਦੇਖਦੇ ਹੋਏ, ਪਰਬਤ ਤੋਂ ਹੇਠਾਂ ਉਤਰ ਕੇ ਨਜ਼ਰ ਤੋਂ ਉਹਲੇ ਹੋ ਗਏ।

ਹੁਣ ਪੂਰੀ ਇਕਾਂਤ ਸੀ। ਮੈਨੂੰ ਇਕ ਪ੍ਰਸਿੱਧ ਅੰਗਰੇਜ਼ ਕਵੀ ਦੀ ਤੁਕ ਯਾਦ ਆਈ, "O solitude, where are thy charms ?" (ਹੇ ਇਕਾਂਤ, ਤੇਰੀ ਸੁਹੱਪਣ ਕਿਥੇ ਹੈ ?) ਮੂੰਹ ਤੋਂ "ਵਾਹ-ਵਾਹ" ਨਿਕਲਿਆ। ਚਾਰੋਂ ਪਾਸੇ ਤੱਕਿਆ। ਸਭ ਕੁਝ ਗਹੁ ਨਾਲ ਦੇਖਿਆ। ਦ੍ਰਿਸ਼ ਦੀ ਸੁੰਦਰਤਾ ਨੂੰ ਅੱਖਾਂ ਦੇ ਡੂਨਿਆਂ ਵਿਚ ਭਰਿਆ। ਦੁਸ਼ਟ ਦਮਨ ਜੀ ਦੇ ਤਪ ਦੀ ਯਾਦ ਆਈ। ਹਰ ਪਰਕਾਰ ਦੇ ਡਰ ਦਾ ਮੇਰੇ ਮਨ ਵਿਚ ਪੂਰਾ ਅਭਾਵ ਸੀ। ਹੁਣ ਮੈਂ ਆਪਣੇ ਮਨ ਵਿਚ ਰੋਜ਼ ਲਈ ਪ੍ਰੋਗਰਾਮ ਬਣਾ ਕੇ, ਗੁਰਦੁਆਰਾ ਸਾਹਿਬ ਚਲਾ ਗਿਆ। ਫ਼ਰਸ਼ ਦੇ ਪੱਥਰ ਚੁਕ ਚੁਕ ਕੇ, ਟੁਟੇ ਹੋਏ ਸ਼ੀਸ਼ਿਆਂ ਨਾਲ ਚੂਹਿਆਂ ਦੀਆਂ ਡੂਡਾਂ ਬੰਦ ਕੀਤੀਆਂ। ਸੇਵਾ ਸਫ਼ਾਈ, ਝਾੜ-ਪੂੰਝ ਕੀਤੀ। ਸੋਦਰ ਦਾ ਪਾਠ ਕਰ ਕੇ ਜੋਤ ਜਲਾਈ, ਗੁਰਦੁਆਰੇ ਨੂੰ ਜੰਦਰਾ ਲਾ ਕੇ ਪਰਕਰਮਾ ਕੀਤੀ, ਅਤੇ ਆਪਣੇ ਆਸਣ ਪਰ ਆ ਕੇ, ਕੰਬਲ ਲਪੇਟ ਕੇ ਖੁਲ੍ਹੀ ਖਿੜਕੀ ਵੱਲ ਮੂੰਹ ਕਰ ਕੇ ਸਤਿਗੁਰਾਂ ਦੀ ਯਾਦ ਦੇ ਨਿਘ ਵਿਚ ਬੈਠ ਗਿਆ। ਸੂਖਮ ਅਹਾਰ ਅਤੇ ਇਸ ਉਚਾਈ ਦੀ ਪਤਲੀ ਹਵਾ ਕਰਕੇ ਨੀਂਦ ਨਾ ਪਰਤੀਤ

ਹੋਈ, ਪਰ ਫਿਰ ਵੀ ਲੇਟ ਗਿਆ ਅਤੇ ਕੁਝ ਅੱਖ ਲੱਗ ਗਈ।

**ਦੇਵਤਿਆਂ ਦਾ ਆਉਣਾ :** ਰਾਤ ਦੇ ਠੀਕ ਦੋ ਵਜੇ ਸਨ ਕਿ ਅਚਾਨਕ ਮੇਰੀ ਅੱਖ ਖੁਲ੍ਹ ਗਈ ਅਤੇ ਇਕ ਵਿਅਕਤੀ ਨੇ ਸਰ੍ਹਾਣੇ ਵਲ ਖਲੋ ਕੇ ਮੈਨੂੰ "ਭੱਯਾ ਜੀ" ਦੇ ਸ਼ਬਦ ਨਾਲ ਸੰਬੋਧਨ ਕੀਤਾ। ਅਵਾਜ਼ ਭਾਰੀ, ਗੰਭੀਰ ਅਤੇ ਰੋਅਬ ਵਾਲੀ ਸੀ। ਪਹਾੜੀ ਵੀਰਾਂ ਦੀ ਰਵਾਇਤ ਠੀਕ ਨਿਕਲੀ। ਮੈਂ ਸਮਝ ਗਿਆ ਕਿ ਮੇਰੇ ਸਵਰਗ ਲੋਕ ਦੇ ਸਾਥੀ ਆ ਪਹੁੰਚੇ ਹਨ। ਮੈਨੂੰ touch ਤਾਂ ਕੀਤਾ ਹੈ, ਪਰ "ਕਿਸੇ" ਤੋਂ ਅੱਤ ਦਾ ਭੈ ਖਾਂਦੇ ਹਨ ਜੁ ਮੇਰੇ ਜਿਹੇ ਤੁਛ ਇਨਸਾਨ ਨੂੰ "ਵੱਡਾ ਭਰਾ" ਬਣਾਇਆ ਹੈ। ਮੈਂ ਚੁਪ ਕਰ ਰਿਹਾ। ਫ਼ਤਹ ਜਾਂ ਨਮਸਤੇ ਕੁਝ ਨਾ ਆਖੀ। ਕੁਝ ਮਿੰਟਾਂ ਬਾਅਦ ਹੀ ਸਾਹਮਣੇ ਸਰੋਵਰ ਵਿਚ ਇਸ਼ਨਾਨ ਕਰਦਿਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਅਤੇ ਪੌਣੇ ਕੁ ਘੰਟੇ ਮਗਰੋਂ ਬਰੀਕ ਜ਼ਨਾਨਾ ਆਵਾਜ਼ਾਂ ਸੁਣੀਆਂ।

ਇਨ੍ਹਾਂ ਨਵੇਂ ਸਾਥੀਆਂ ਦਾ ਬਾਰ ਬਾਰ ਜ਼ਿਕਰ ਕਰਨ ਦੀ ਥਾਂ, ਇਨ੍ਹਾਂ ਸੰਬੰਧੀ ਸੰਖੇਪ ਜਿਹਾ ਹਾਲ ਇਕੋ ਵੇਰ ਦੱਸ ਦਿੰਦੇ ਹਾਂ।

ਦੂਸਰੀ ਰਾਤ ਉਸੇ ਸਮੇਂ, ਦੋ ਵਜੇ ਫਿਰ ਮੇਰੀ ਅੱਖ ਖੁਲ੍ਹੀ। ਇਕ ਸੱਜਣ, ਲੰਮੇ ਕਾਲੇ ਤੇ ਲਾਲ ਜਿਹੇ ਭਿਆਨਕ ਮੂੰਹ ਵਾਲਾ ਮੇਰੇ ਆਸਣ ਦੇ ਬਿਲਕੁਲ ਨਾਲ ਹੀ ਬੈਠਾ ਦੇਖਿਆ। ਡਰ ਦਾ ਮੈਨੂੰ ਪਤਾ ਹੀ ਨਹੀਂ ਸੀ ਕਿ ਕੀ ਹੁੰਦਾ ਹੈ। ਸਤਿਗੁਰਾਂ ਦੀ ਕਿਰਪਾ ਨਾਲ ਮੇਰੇ ਹੌਸਲੇ ਹੋਰ ਵੀ ਵਧੇ ਹੋਏ ਸਨ। ਇਨ੍ਹਾਂ ਦਾ ਹੁਣ ਰੋਜ਼ ਹੀ ਆ ਕੇ ਤੰਗ ਕਰਨਾ ਚੰਗਾ ਨਾ ਲੱਗਾ ਅਤੇ ਉਸ ਨੂੰ ਤਾੜਨਾ ਕਰਨ ਹੀ ਲੱਗਾ ਸਾਂ ਕਿ ਮੈਨੂੰ ਸਮਝਾ ਦਿੱਤਾ ਗਿਆ ਕਿ "ਤੇਰਾ ਕੁਝ ਨਹੀਂ ਵਿਗਾੜ ਰਿਹਾ, ਇਸ ਨੂੰ ਬੈਠਾ ਰਹਿਣ ਦੇਹ।" ਮੈਂ ਚੁਪ ਕਰ ਰਿਹਾ, ਪਰ ਰੋਸ ਵਜੋਂ ਉਸ ਦੀ ਤਰਫ਼ ਪਿਠ ਕਰ ਲਈ। ਥੋੜ੍ਹੀ ਹੀ ਦੇਰ ਬਾਅਦ ਫਿਰ ਪਹਿਲੇ ਦੀ ਤਰ੍ਹਾਂ, ਜਲ ਵਿਚ ਇਸ਼ਨਾਨ ਦੀਆਂ ਆਵਾਜ਼ਾਂ ਸੁਣੀਆਂ। ਦੋ ਚਾਰ ਦਿਨ ਇਸੇ ਤਰ੍ਹਾਂ ਹੀ ਹੁੰਦਾ ਰਿਹਾ, ਪਰ ਮਗਰੋਂ ਅੰਮ੍ਰਿਤ ਵੇਲੇ ਇਹ ਫਿਰ ਮੇਰੇ ਪਾਸ ਕਦੇ ਨਹੀਂ ਆਏ। ਉਸ ਵਕਤ ਜੇ ਬਾਹਰ ਨਿਕਲੋ ਤਾਂ ਨਿਘ ਜਿਹਾ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਕਿਸੇ ਭੀੜ ਵਿਚ ਚਲ ਰਿਹਾ ਹੋਵੇ। ਦੋ ਤਿੰਨ ਦਿਨ ਜਦ ਮੈਂ ਕੁਝ ਨਾ ਵੇਖਿਆ ਸੁਣਿਆ ਤਾਂ ਮਹਿਸੂਸ ਕੀਤਾ ਕਿ ਵਿਚ ਰਹਿੰਦੇ ਹੋਏ ਸਾਥੀ ਨਹੀਂ ਮਿਲ ਰਹੇ। ਆਪਣੇ ਮਨ ਵਿਚ ਹੀ ਇਕ ਸ਼ਰਤ ਕੀਤੀ ਅਤੇ ਉਸੇ ਰਾਤ ਹੀ ਸੁੰਦਰ ਦਿਬ ਮੂਰਤੀਆਂ ਨੂੰ ਸਰੋਵਰ ਵਿਚ

ਇਸ਼ਨਾਨ ਕਰਦਿਆਂ ਦੇਖਿਆ।

ਪਰ ਦਿਨ ਭਰ ਤਾਂ ਕੋਈ ਨਾ ਕੋਈ ਸ਼ੁਗਲ ਹਮੇਸ਼ਾ ਹੀ ਬਣਿਆ ਰਹਿੰਦਾ ਸੀ। ਕਦੇ ਆਪਣਾ ਜਾਪ ਕਰਦੇ ਹੋਇ, ਤੇਜ਼ੀ ਨਾਲ ਮੇਰੇ ਪਾਸ ਹੋ ਕੇ ਨਿਕਲ ਜਾਂਦੇ ਸਨ। ਇਕ ਵਾਰ ਦਿਨ ਦੇ ਗਿਆਰਾਂ ਵਜੇ, ਘੜਿਆਲ ਵਜਦੇ ਹੋਇ, ਇੰਦਰ ਦੀ ਸਵਾਰੀ ਜਾ ਰਹੀ ਸੀ। ਆਵਾਜ਼ਾਂ ਤਾਂ ਦਿਨ ਭਰ ਕਿਸੇ ਨਾ ਕਿਸੇ ਪਾਸੇ ਤੋਂ ਆਉਂਦੀਆਂ ਹੀ ਰਹਿੰਦੀਆਂ ਸਨ। ਇਹ ਇੰਨੀਆਂ real (ਹਕੀਕੀ) ਹੁੰਦੀਆਂ ਸਨ ਕਿ ਸਭ ਕੁਝ ਜਾਣਦੇ ਹੋਏ ਵੀ ਕਈ ਵੇਰ ਬਾਹਰ ਨਿਕਲ ਕੇ ਦੇਖਦਾ ਸਾਂ ਕਿ ਸ਼ਾਇਦ ਕੋਈ ਯਾਤਰੂ ਆਇਆ ਹੈ।

ਇਕ ਦਿਨ ਡੂੰਘੀ ਸ਼ਾਮ ਵੇਲੇ, ਜਦ ਡੇਰੇ ਆਉਣ ਤੋਂ ਪਹਿਲਾਂ, ਗੁਰਦੁਆਰਾ ਸਾਹਿਬ ਦੀ ਪਰਕਰਮਾ ਕਰ ਰਿਹਾ ਸਾਂ ਤਾਂ ਇਕ ਲਾਲ ਸ਼ੇਰ, ਧਰਮਸਾਲਾ ਦੇ ਪਿਛਲੇ ਪਾਸੇ ਤੋਂ ਨਿਕਲ ਕੇ, ਮੇਰੇ ਪਾਸ ਤੋਂ ਹੁੰਦਾ ਹੋਇਆ, ਦੂਜੇ ਪਾਸੇ ਦੀ ਪਹਾੜੀ ਦੇ ਪਿਛੇ ਚਲਾ ਗਿਆ। ਇਹ ਮੇਰੀ ਵਲ ਲਗਾਤਾਰ ਮੂੰਹ ਕਰ ਕੇ ਦੇਖਦਾ ਰਿਹਾ। ਮੈਂ ਵੀ ਇੰਜ ਹੀ ਕੀਤਾ। ਪਰ ਮੈਂ ਰੱਜ ਕੇ ਹੱਸਿਆ। ਇਹ ਅਸਲੀ ਸ਼ੇਰ ਨਹੀਂ ਸੀ, ਕੋਈ ਪ੍ਰੇਮੀ ਖੇਡ ਕਰਨ ਆਇਆ ਸੀ ਮੇਰੇ ਨਾਲ।

ਸ੍ਰੀ ਹੇਮਕੁੰਟ ਪਰ ਮੈਂ ਢਾਈ ਮਹੀਨੇ ਤੋਂ ਵਧ ਲਗਾਤਾਰ ਨਹੀਂ ਰਿਹਾ। ਜਿੰਨੀ ਵੇਰ ਰਿਹਾ, ਇਕਾਂਤ ਦਾ ਸਮਾਂ ਚੋਖਾ ਮਿਲ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਯਾਤਰਾ ਅਜੇ ਘਟ ਚਲਦੀ ਸੀ। ਕਈ ਵੇਰ ਬਾਰ੍ਹਾਂ ਦਿਨ ਤਕ ਕਿਸੇ ਸੱਜਣ ਦੇ ਦਰਸ਼ਨ ਨਹੀਂ ਸੀ ਹੁੰਦੇ। ਇਹ ਮੈਂ ਖ਼ਾਸ ਤੌਰ ਪਰ ਨੋਟ ਕੀਤਾ ਕਿ ਜਦ ਕੋਈ ਮਨੁੱਖ ਉਪਰ ਹੋਵੇ ਤਾਂ ਸੱਨਾਟਾ ਜਿਹਾ ਛਾ ਜਾਂਦਾ ਸੀ। ਦੇਵ ਲੋਕ ਨਾਲ ਜੋ ਥੋੜ੍ਹਾ ਬਹੁਤ ਸੰਬੰਧ ਹੁੰਦਾ ਸੀ, ਉਹ ਬਿਲਕੁਲ ਟੁੱਟ ਜਾਂਦਾ ਸੀ।

ਮੇਰਾ ਰੋਜ਼ ਦਾ ਪ੍ਰੋਗਰਾਮ ਹਮੇਸ਼ਾ ਇਕੋ ਜਿਹਾ ਹੀ ਹੁੰਦਾ ਸੀ। ਅੰਮ੍ਰਿਤ ਵੇਲੇ ਸਰੋਵਰ ਵਿਚ ਇਸ਼ਨਾਨ ਜ਼ਰੂਰ ਕਰਨਾ, ਜਿਸ ਦਾ ਨਾਗਾ ਕਦੇ ਨਹੀਂ ਪਿਆ। ਨਿਤਨੇਮ ਦੇ ਮਗਰੋਂ ਗੁਰਦੁਆਰਾ ਸਾਹਿਬ ਦੀ ਸੇਵਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰਨਾ। ਫਿਰ ਇਕ ਚਮਚਾ ਓਵਲਟੀਨ ਤੇ ਸੁੱਕਾ ਦੁੱਧ, ਠੰਡੇ ਜਲ ਵਿਚ ਘੋਲ ਕੇ, ਨਾਸ਼ਤੇ ਵਜੋਂ ਲੈਣਾ। ਦੁਪਹਿਰ ਤੇ ਸ਼ਾਮ ਨੂੰ ਇਕ ਮੁੱਠ (ਚਾਰ ਕੁ ਤੋਲੇ) ਛੋਲੇ, ਇਕ ਇਕ ਦਾਣਾ ਕਰ ਕੇ ਛੱਕ ਲੈਣਾ। (ਕੱਚੇ ਛੋਲੇ ਜੇ ਦੋ ਦਿਨ ਵੀ ਜਲ ਵਿਚ ਰੱਖ ਛੱਡੋ ਤਾਂ ਨਰਮ ਨਹੀਂ ਹੁੰਦੇ)। ਇਸ ਤੋਂ ਬਿਨਾਂ ਮੇਰਾ ਉਥੇ ਹੋਰ ਕੋਈ

ਅਹਾਰ ਨਹੀਂ ਸੀ, ਬਿਨਾਂ ਠੰਡੇ ਜਲ ਦੇ। ਦਿਨ ਨੂੰ ਜਦ ਧੁੱਪ ਕੁਝ ਸਮਾਂ ਰਹੇ ਤਾਂ ਗੁਰਦੁਆਰਾ ਸਾਹਿਬ ਦੇ ਰੁਮਾਲੇ, ਦਰੀ ਆਦਿਕ ਸੁਕਾ ਲੈਣੇ। ਹਰ ਵੇਰ, ਗੁਰੂ ਗ੍ਰੰਥ ਸਾਹਿਬ ਦਾ ਇਕ ਸਾਧਾਰਨ ਪਾਠ, ਖੜੇ ਹੋ ਕੇ, ਜ਼ਰੂਰ ਕਰ ਲੈਣਾ। ਗੁਰੂ ਗ੍ਰੰਥ ਸਾਹਿਬ ਵਾਸਤੇ ਟੀਨ ਦਾ ਬਕਸ, ੧੯੫੫ ਵਿਚ ਹੀ ਗੋਬਿੰਦ ਘਾਟ ਤੋਂ ਮੰਗਵਾ ਲਿਆ ਸੀ। ਸ਼ਾਮ ਨੂੰ ਸੋਦਰ ਦੇ ਪਾਠ ਮਗਰੋਂ ਜੋਤ ਜਗਾ ਕੇ ਡੇਰੇ ਆ ਜਾਣਾ।

ਇਸ ਪਵਿਤਰ ਅਸਥਾਨ ਦਾ ਅਦਬ ਰਖਣ ਲਈ, ਜੋੜਾ ਸ੍ਰੀ ਹੇਮਕੁੰਟ ਤੋਂ ਹੇਠਾਂ ਹੀ, ਕਿਸੇ ਪੱਥਰ ਹੇਠ, ਰਖਦਾ ਸੀ ਅਤੇ ਜੰਗਲ ਮੈਦਾਨ ਲਈ ਉਸ ਤੋਂ ਹੇਠਾਂ ਉਤਰ ਕੇ ਜਾਣਾ। ਸ੍ਰੀ ਹੇਮਕੁੰਟ ਪਰ ਲਕੜੀ ਦੀਆਂ ਖੜਾਵਾਂ ਵਰਤਣਾ। ਬਰਖਾ ਵੇਲੇ, ਛਤਰੀ ਨਾਲੋਂ ਮੋਮਜਾਮਾ ਵਧੇਰੇ ਚੰਗਾ ਲਗਦਾ ਸੀ।

ਇਕ ਵਾਰ ਮੈਂ ਤਪ ਅਸਥਾਨ ਪਰ ਕੁਝ ਦਿਨ ਵਧ ਠਹਿਰਿਆ। ਛੋਲਿਆਂ ਦੇ ਹਿੱਸੇਦਾਰ ਚੂਹੇ ਸਨ, ਕੁਝ ਦਾਣੇ ਆਏ ਗਏ ਯਾਤਰੂ ਪ੍ਰਸ਼ਾਦ ਵਜੋਂ ਮੰਗ ਲੈਂਦੇ ਸਨ। ਮੇਰਾ ਰਾਸ਼ਨ ਖ਼ਤਮ ਹੋ ਗਿਆ। ਇਕ ਛੋਟਾ ਜਿਹਾ ਜੱਥਾ ਕੁਝ ਘੰਟਿਆਂ ਵਾਸਤੇ ਆਇਆ, ਪਰ ਉਨ੍ਹਾਂ ਨੇ ਮੁਲ ਲੈ ਕੇ ਕੋਈ ਖਾਣ ਵਾਲੀ ਚੀਜ਼ ਦੇਣੋਂ ਨਾਂਹ ਕਰ ਦਿੱਤੀ। ਕੋਈ ਚੀਜ਼ ਮੁਫ਼ਤ ਲੈ ਕੇ ਖਾਣਾ ਕਦੇ ਵੀ ਚੰਗਾ ਨਹੀਂ ਲੱਗਾ। ਆਮ ਲੰਗਰ ਦਾ ਅੰਨ ਖਾਣਾ ਮੇਰੇ ਲਈ ਮਨ੍ਹਾ ਹੈ। ਦੋ ਦਿਨ ਕੜਾਕਾ ਹੀ ਰਿਹਾ। ਤੀਜੇ ਦਿਨ ਇਕ ਲੰਮਾ ਜਿਹਾ ਭੁਜੰਗੀ ਇਕੱਲਾ ਹੀ ਅਚਾਨਕ ਆ ਨਿਕਲਿਆ। ਉਸ ਨੇ ਇਕ ਰੇਸ਼ਮੀ ਰੁਮਾਲ ਵਿਚ ਕੁਝ ਪੰਜੀਰੀ ਬੰਨ੍ਹ ਕੇ ਹੱਥ ਵਿਚ ਫੜੀ ਹੋਈ ਸੀ, ਜੋ ਮਾਇਆ ਲੈ ਕੇ ਝੱਟ ਹੀ ਮੇਰੇ ਹੱਥ ਫੜਾ ਦਿੱਤੀ। ਮਗਰੋਂ ਉਸ ਦੇ ਜਾਣ ਦਾ ਕੁਝ ਪਤਾ ਨਾ ਚੱਲਿਆ। ਅਜਿਹੀ ਸਵਾਦਿਸ਼ਟ ਪੰਜੀਰੀ ਮੈਂ ਕਦੇ ਨਹੀਂ ਖਾਧੀ। ਇਸ ਤਰ੍ਹਾਂ, ਹੇਠੋਂ ਮਜ਼ਦੂਰ ਪਹੁੰਚਣ ਤਕ ਗੁਜ਼ਾਰਾ ਹੋ ਗਿਆ।

ਮੇਰਾ ਪਹਿਰਾਵਾ, ਸੂਤੀ ਕਮੀਜ਼ ਪਜਾਮਾ ਅਤੇ ਦੋ ਜਾਂ ਤਿੰਨ ਸਵੈਟਰ ਹੁੰਦਾ ਸੀ। ਗਰਮ ਜਲ ਛਕਣ ਅਤੇ ਅੱਗ ਸੇਕਣ ਨਾਲ ਠੰਡ ਵਧੇਰੇ ਪ੍ਰਤੀਤ ਹੁੰਦੀ ਹੈ। ਇਨ੍ਹਾਂ ਨਾਲ ਪਹਿਲੇ ਹੀ ਮੇਰਾ ਪੂਰਾ ਨਾ-ਮਿਲਵਰਤਣ ਸੀ।

ਇਕ ਸਚਾਈ ਪ੍ਰਗਟ ਕਰ ਦੇਣਾ ਜ਼ਰੂਰੀ ਮਲੂਮ ਹੁੰਦਾ ਹੈ। ਸ੍ਰੀ ਹੇਮਕੁੰਟ ਤਪ ਅਸਥਾਨ ਪਰ, ਲੰਮੇ ਸਮੇਂ ਲਈ, ਥੋੜ੍ਹੇ ਬਸਤਰਾਂ ਅਤੇ ਅਲਪ ਅਹਾਰ ਨਾਲ, ਇਕੱਲੇ ਰਹਿਣਾ, ਬਿਨਾਂ ਇਕ ਦਿਨ ਦੇ ਵੀ ਵਿਘਨ ਦੇ ਸਾਰੀ ਨਿਤ ਕ੍ਰਿਆ ਨਿਭਣੀ, ਕਦੇ

ਸਿਰ ਦਰਦ ਤਕ ਨਾ ਹੋਣਾ, ਮੇਰਾ ਆਪਣੇ ਕਿਸੇ ਬਲ ਜਾਂ ਹਿੰਮਤ ਦਾ ਸਿੱਟਾ ਨਹੀਂ ਸੀ। ਇਹ ਕੇਵਲ ਸਤਿਗੁਰਾਂ ਦੀ ਆਪਣੀ ਕਿਰਪਾ ਤੇ ਬਖ਼ਸ਼ਿਸ਼ ਦਾ ਪ੍ਰਤਾਪ ਸੀ।

## ਸ਼ਹੀਦੀ ਪਹਿਰਾ

ਅੱਜ ਕਲ੍ਹ ਤਾਂ ਆਮ ਬੋਲੀ ਵਿਚ, ਹਰ ਉਸ ਵਿਅਕਤੀ ਨੂੰ "ਸ਼ਹੀਦ" ਕਹਿ ਦਿੱਤਾ ਜਾਂਦਾ ਹੈ, ਜੋ ਕਿਸੇ ਸਿਆਸੀ ਜਾਂ ਸਮਾਜੀ ਆਦਿਕ ਕਾਰਨਾਂ ਕਰਕੇ ਸਰੀਰ ਛੱਡ ਦੇਵੇ। ਪਰ ਸਹੀ ਅਰਥਾਂ ਵਿਚ ਸ਼ਹੀਦ ਉਹੀ ਮੰਨਿਆ ਜਾਂਦਾ ਹੈ, ਜੋ ਮੁੜ ਦੁਨੀਆ ਵਿਚ ਜਨਮ ਨਾ ਲਵੇ, ਮੁਕਤ ਹੋ ਜਾਵੇ। ਅਜਿਹਾ ਸੁਭਾਗਾ ਜੀਵ ਉਹੀ ਹੋ ਸਕਦਾ ਹੈ ਜੋ ਧਰਮ ਦੇ ਕਿਸੇ ਪੱਖ ਹਿੱਤ ਸ਼ੁਧ ਮਨ, ਨਿਰਇੱਛਤ ਹੋ ਕੇ, ਆਪਣੀ ਜਾਨ ਪਰ ਖੇਲ੍ਹ ਜਾਵੇ। ਭਜਨ ਬੰਦਗੀ, ਸਿਮਰਨ ਕਰਨ ਵਾਲਾ, ਉੱਚੇ ਜੀਵਨ ਵਾਲਾ ਹੀ ਨਿਰਇੱਛਤ ਹੁੰਦਾ ਹੈ। ਅਜਿਹੀਆਂ ਸ਼ਹੀਦੀ ਫ਼ੌਜਾਂ ਦੇ ਮਾਲਕ, ਇਸ ਸਮੇਂ ਵਿਚ, ਸਤਿਗੁਰ ਸਚੇ ਪਾਤਸ਼ਾਹ ਦਸਮੇਸ਼ ਜੀ ਹਨ।

ਜਿਹੜੇ ਸ਼ਹੀਦ ਸਤਿਗੁਰਾਂ ਦੇ ਚਰਨ ਕੰਵਲਾਂ ਵਿਚ ਜਾ ਬਿਰਾਜਦੇ ਹਨ, ਉਨਾਂ ਦੇ ਮਨ ਤਾਰ ਤੇ ਤਰਾਬ ਵਾਂਗ ਗੁਰਾਂ ਨਾਲ ਇਕ ਹੁੰਦੇ ਹਨ। ਉਹ "ਹੁਕਮ" ਵਿਚ ਵਿਚਰਦੇ ਹਨ। ਇਨ੍ਹਾਂ ਵਿਚ ਅਥਾਹ ਸ਼ਕਤੀਆਂ ਹੁੰਦੀਆਂ ਹਨ। ਦੂਰ ਨੇੜੇ, ਹਰ ਗੱਲ ਦੀ ਸੋਝੀ ਹੁੰਦੀ ਹੈ। ਅੰਤਰਯਾਮੀ ਹਨ। ਆਪਣਾ ਆਕਾਰ ਵੀ ਛੋਟਾ ਵੱਡਾ ਬਣਾ ਲੈਂਦੇ ਹਨ। ਇਨ੍ਹਾਂ ਵਿਚ ਸ਼ਕਤੀ ਦੇਵਤਿਆਂ ਨਾਲੋਂ ਬਹੁਤ ਵਧ ਹੁੰਦੀ ਹੈ। ਇਨ੍ਹਾਂ ਨੂੰ ਦੇਖ ਕੇ ਦੇਵਤੇ ਭੱਜ ਨਹੀਂ ਜਾਂਦੇ, ਪਰ ਮਨ ਵਿਚ ਭੈ ਚੋਖਾ ਰਖਦੇ ਹਨ। ਸ਼ਹੀਦ ਅਮਰ ਹਨ ਅਤੇ ਦੇਵਤੇ ਜਨਮ ਮਰਨ ਵਿਚ।

ਇਨ੍ਹਾਂ ਦਾ ਬਾਣਾ, ਆਮ ਤੌਰ ਪਰ, ਲਗ ਪਗ ਨਿਹੰਗ ਸਿੰਘਾਂ ਜਿਹਾ ਹੁੰਦਾ ਹੈ। ਬਸਤਰ ਕਿਸੇ ਦੇ ਨੀਲੇ, ਕਿਸੇ ਦੇ ਚਿੱਟੇ। ਕਈ ਸ਼ਾਂਤ-ਸੁਭਾ ਹੁੰਦੇ ਹਨ ਅਤੇ ਕਈਆਂ ਦਾ ਸੁਭਾ ਤੇਜ਼ ਹੁੰਦਾ ਹੈ।

ਸਤਿਗੁਰਾਂ ਦੇ ਹੁਕਮ ਵਿਚ, ਇਹ ਦੇਸ ਪਰਦੇਸ, ਸਾਰੀ ਪ੍ਰਿਥਵੀ ਪਰ ਵਿਚਰਦੇ

ਹਨ ਅਤੇ ਵਖ ਵਖ ਥਾਵਾਂ ਪਰ, ਵਖ ਵਖ ਤ੍ਰੀਕਿਆਂ ਨਾਲ ਨਿਵਾਸ ਕਰਦੇ ਹਨ। ਕਈਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਡਿਊਟੀਆਂ ਲੱਗੀਆਂ ਹੁੰਦੀਆਂ ਹਨ। ਕਈ ਗੁਰਦੁਆਰਿਆਂ ਵਿਚ ਇਨ੍ਹਾਂ ਦਾ ਪਹਿਰਾ ਰਹਿੰਦਾ ਹੈ। ਪਾਕਿਸਤਾਨ ਵਿਚ ਵੀ ਇਹ ਗੱਲ ਦੇਖੀ ਗਈ ਹੈ, ਪਰ ਇਹ ਸਾਡਾ ਵਿਸ਼ਾ ਨਹੀਂ।

ਜਿਵੇਂ "ਪੰਜ ਸੁੱਚੇ ਮੋਤੀ" ਪੁਸਤਕ ਵਿਚ ਦੱਸਿਆ ਗਿਆ ਹੈ, ਇਨ੍ਹਾਂ ਦਾ ਪਹਿਰਾ ਗੁਰੂ ਦੇ ਪਿਆਰਿਆਂ ਨਾਲ ਵੀ ਰਹਿੰਦਾ ਹੈ। ਲੋੜ ਪੈਣ ਪਰ, ਇਹ ਭਾਂਤ ਭਾਂਤ ਦੇ ਤ੍ਰੀਕਿਆਂ ਨਾਲ ਸਹਾਇਤਾ ਕਰਦਾ ਹੈ, ਪਰ ਟੇਢਾ ਚੱਲਣ ਪਰ ਦੰਡ ਵੀ ਡਾਢਾ ਦਿੰਦਾ ਹੈ। ਜੇ ਵੇਰਵੇ ਦਈਏ ਤਾਂ ਇਕ ਲੰਮੀ ਕਹਾਣੀ ਬਣ ਜਾਂਦੀ ਹੈ।

ਸ਼ਹੀਦੀ ਪਹਿਰਾ, ਸ੍ਰੀ ਹੇਮਕੁੰਟ ਵੀ ਘਟ ਵਧ ਗਿਣਤੀ ਵਿਚ ਰਹਿੰਦਾ ਹੈ। ਇਸ ਅਸਥਾਨ ਪਰ ਜਾਣ ਵਾਲੇ, ਲੰਮੇ ਅਤੇ ਕਠਨ ਰਸਤੇ ਦੇ ਪਾਂਧੀਆਂ ਨੂੰ ਕਈ ਤਰ੍ਹਾਂ ਨਾਲ ਖ਼ਤਰਾ ਹੋ ਸਕਦਾ ਹੈ। ਲੋੜ ਪੈਣ ਪਰ ਇਹ ਪਹਿਰਾ ਪ੍ਰੇਮੀਆਂ ਦੀ, ਕਈ ਗੁਪਤ ਤ੍ਰੀਕਿਆਂ ਨਾਲ, ਸਹਾਇਤਾ ਕਰਦਾ ਹੈ, ਪਰ ਜਿਵੇਂ ਕਈ ਸਜਣਾਂ ਦੇ ਦੇਖਣ ਵਿਚ ਆਇਆ ਹੈ, ਪ੍ਰਗਟ ਹੋ ਕੇ ਵੀ ਇਹ ਆਪਣਾ ਰੂਪ ਦਿਖਾ ਦਿੰਦੇ ਹਨ। ਬਹੁਤੀਆਂ ਮਿਸਾਲਾਂ ਦੇਣਾ ਠੀਕ ਨਹੀਂ। ਇਥੇ ਇਕ ਨਿੱਕੀ ਜਿਹੀ ਬੱਚੀ ਦੀ, ਨਿੱਕੀ ਜਿਹੀ ਮਿਸਾਲ ਦੇ ਕੇ ਗੱਲ ਖ਼ਤਮ ਕਰਦੇ ਹਾਂ।

ਜੂਨ ੧੯੭੪ ਵਿਚ, ਦਿੱਲੀ ਦਾ ਇਕ ਜੱਥਾ ਜਦ ਭਿਉਂਡਾਰ ਪਿੰਡ ਤੋਂ ਅੱਗੇ, ਘਾਂਗਰੀਆ ਵਲ ਜਾ ਰਿਹਾ ਸੀ ਤਾਂ ਇਕ ਸਹਿਜਧਾਰੀ ਵੀਰ ਦੀ ਛੇ ਕੁ ਸਾਲ ਦੀ ਲੜਕੀ, ਜੱਥੇ ਨਾਲੋਂ ਪਛੜ ਕੇ ਪਿੱਛੇ ਰਹਿ ਗਈ। ਜੰਗਲ ਦੀ ਸੁੰਨਸਾਨ ਵਿਚ ਇਹ ਇਕੱਲੀ, ਡਰ ਦੇ ਮਾਰੇ, ਗੋਡਿਆਂ ਵਿਚ ਸਿਰ ਦੇ ਕੇ, ਜ਼ਮੀਨ ਪਰ ਬੈਠ ਗਈ ਅਤੇ ਰੋਣ ਲਗ ਪਈ। ਸਤਿਗੁਰਾਂ ਨੂੰ ਉਸ ਦੀ ਹਾਲਤ ਪਰ ਤਰਸ ਆਇਆ। ਇਕ ਸ਼ਹੀਦ ਸਿੰਘ ਨੇ ਪ੍ਰਗਟ ਹੋ ਕੇ ਕਿਹਾ ਕਿ, "ਬੱਚੀ ਤੂੰ ਰੋਂਦੀ ਕਿਉਂ ਹੈਂ, ਅਸੀਂ ਜੋ ਤੇਰੇ ਨਾਲ ਹਾਂ।" ਲੜਕੀ ਨੇ ਸਿਰ ਚੁੱਕਿਆ, ਕੁਝ ਡਰੀ, ਪਰ ਹੌਸਲਾ ਵੀ ਹੋਇਆ ਅਤੇ ਜੱਥੇ ਨਾਲ ਰਲ ਗਈ। ਇਹ ਜੱਥਾ ਸ੍ਰੀ ਹੇਮਕੁੰਟ ਤੋਂ ਵਾਪਸ ਹੋ ਕੇ ਪਾਉਂਟਾ ਸਾਹਿਬ ਜਾ ਰਿਹਾ ਸੀ, ਜਦ ਕਿ ਲੇਖਕ ਵੀ ਉਸੀ ਬੱਸ ਵਿਚ ਜਾ ਰਿਹਾ ਸੀ।

ਅੰਤ ਵਿਚ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਸ ਬਿਖੜੀ ਯਾਤਰਾ ਦੇ ਗੁਰੂ-ਪ੍ਰੇਮੀ ਪਾਂਧੀ, ਅਕਸਰ ਸਤਿਗੁਰੂ ਜੀ ਦੀ ਗੁਪਤ ਫ਼ੌਜ ਦੀ ਨਜ਼ਰ

ਹੇਠਾਂ ਰਹਿੰਦੇ ਹਨ। ਜੋ ਗੁਰੂ ਤੋਂ ਬੇਮੁਖ ਹਨ, ਉਨ੍ਹਾਂ ਲਈ ਕੁਝ ਨਹੀਂ ਕਿਹਾ ਜਾ ਸਕਦਾ।

# ਸਤਿਗੁਰ ਦਰਸ਼ਨ

ਸਤਿਗੁਰੂ ਜੀ ਦੇ "ਦਰਸ਼ਨ" ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਦਰਸ਼ਨ ਸੰਬੰਧੀ ਸ਼ਬਦ ਵੀ ਪੜ੍ਹੇ ਜਾਂਦੇ ਹਨ, ਦਰਸ਼ਨ ਦੀ ਮੰਗ ਤਾਂ ਬਹੁਤ ਸਾਰੇ ਪ੍ਰੇਮੀ ਕਰਦੇ ਹੀ ਰਹਿੰਦੇ ਹਨ, ਪਰ ਦਰਸ਼ਨ ਦੇ ਸਿਧਾਂਤ ਵਲ ਅਸੀਂ ਘਟ ਹੀ ਧਿਆਨ ਦਿੰਦੇ ਹਾਂ, ਸ਼ਾਇਦ।

ਜਦ ਗੁਰੂ ਸਾਹਿਬ ਦੁਨੀਆ ਵਿਚ ਪ੍ਰਤੱਖ ਪ੍ਰਗਟ ਸਨ ਤਾਂ ਹਰ ਕੋਈ ਉਨ੍ਹਾਂ ਦੇ ਦਰਸ਼ਨ ਕਰਦਾ ਸੀ : ਸ਼ਤਰੂ ਤੇ ਮਿਤਰ, ਸ਼ਰਧਕ ਤੇ ਅਸ਼ਰਧਕ, ਅਨਮਤੀਆ ਤੇ ਸੇਵਕ, ਦੁਨੀਆਦਾਰ ਤੇ ਭਗਤ ਆਦਿਕ। ਦਰਸ਼ਨ ਕਰਨ ਵਾਲਾ, ਜਿਹੋ ਜਿਹਾ ਗੁਰੂ ਸਾਹਿਬ ਨੂੰ ਆਪਣੇ ਮਨ ਵਿਚ ਸਮਝਦਾ ਸੀ, ਜਿਹੀ ਭਾਵਨਾ ਰੱਖਦਾ ਸੀ, ਜੈਸੀ ਮਾਨਸਕ ਅਵਸਥਾ ਹੁੰਦੀ ਸੀ, ਜੈਸਾ ਅਨੁਭਵ ਰੱਖਦਾ ਸੀ, ਜਿਥੇ ਤਕ ਦ੍ਰਿਸ਼ਟੀ ਅਗੰਮੀ ਦੇਸ਼ ਵਿਚ ਖੁਲ੍ਹੀ ਹੋਈ ਸੀ, ਉਸ ਦੇ ਅਨੁਸਾਰ ਫਲ ਪਾਉਂਦਾ ਸੀ।

ਸਤਿਗੁਰੂ ਸੱਚੇ ਪਾਤਸ਼ਾਹ ਤਾਂ ਨਿਰਵੈਰ, ਹਮੇਸ਼ਾ ਹੀ ਕਿਰਪਾ ਤੇ ਰਹਿਮਤ ਦੇ ਘਰ ਵਸਦੇ ਹਨ, ਪਰ ਇੱਛਾ-ਪੂਰਕ ਹਨ। ਸ਼ਤਰੂ ਨੂੰ ਮੂੰਹ ਦੀ ਖਾਣੀ ਪੈਂਦੀ ਸੀ। ਮਿੱਤਰ ਸਮਝਣ ਵਾਲਾ ਸਹਾਇਤਾ ਪ੍ਰਾਪਤ ਕਰਦਾ ਸੀ, ਪਰ ਅਸ਼ਰਧਕ ਦੇ ਪੱਲੇ ਕੁਝ ਨਹੀਂ ਸੀ ਪੈਂਦਾ। ਉਨ੍ਹਾਂ ਨੂੰ ਗੁਰ-ਅਵਤਾਰ ਜਾਣਨ ਵਾਲਾ ਗਿਆਨ ਪ੍ਰਾਪਤ ਕਰਦਾ ਅਤੇ ਮੁਕਤੀ ਦੀ ਦਾਤ ਮਿਲਦੀ। ਦੁਨੀਆਦਾਰ, ਉਨ੍ਹਾਂ ਨੂੰ ਜਿੰਨੀਆਂ ਵੱਡੀਆਂ ਸ਼ਕਤੀਆਂ ਦਾ ਮਾਲਕ ਸਮਝਦਾ ਸੀ, ਉਸ ਦੇ ਅਨੁਸਾਰ ਮਨ ਦੀਆਂ ਮੁਰਾਦਾਂ ਪਾਉਂਦਾ। ਕੋਈ ਵਿਰਲਾ ਆਪਾ-ਵਾਰ ਭਗਤ, ਜੋ ਗੁਰੂ ਨੂੰ ਅਕਾਲ ਰੂਪ ਜਾਣ ਲੈਂਦਾ, ਉਹ ਦਰਸ਼ਨ ਕਰਦਾ ਹੀ ਮਰ ਮਿਟਦਾ ਅਤੇ ਤੱਤ-ਛਿਨ ਗੁਰੂ ਵਿਚ "ਲੀਨ" ਹੋ ਜਾਂਦਾ। ਇਹੀ ਗੱਲ ਅੱਜ ਤੇ ਕਲ੍ਹ ਵਾਸਤੇ ਵੀ ਕਹੀ ਜਾ ਸਕਦੀ ਹੈ।

ਅੱਜ ਦਰਸ਼ਨ ਤੋਂ ਭਾਵ ਇਹ ਲਿਆ ਜਾਂਦਾ ਹੈ ਕਿ ਸਤਿਗੁਰਾਂ ਦਾ ਸੂਖਮ

ਸਰੂਪ ਪ੍ਰਤੱਖ ਆਪਣੇ ਨੇਤਰਾਂ ਨਾਲ ਦੇਖ ਸਕੀਏ। ਇਹ ਕਈ ਪ੍ਰਕਾਰ ਨਾਲ ਹੋ ਸਕਦਾ ਹੈ—ਸੁਪਨੇ ਵਿਚ, ਪ੍ਰਤੱਖ ਮਾਦੀ ਅੱਖਾਂ ਨਾਲ, ਨੇਤਰ ਮੂੰਦ ਕੇ ਆਪਣੇ ਅੰਦਰ ਜਾਂ ਸਮਾਧੀ ਦੀ ਅਵਸਥਾ ਆਦਿਕ ਵਿਚ।

ਸਤਿਗੁਰੂ ਜੀ ਆਪਣੀ ਮੌਜ ਦੇ ਮਾਲਕ ਹਨ। ਉਨ੍ਹਾਂ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ, ਕਿਸੇ ਤ੍ਰੀਕੇ ਜਾਂ ਸਾਧਨ ਨਾਲ। ਇਸ ਕਰਕੇ ਦਰਸ਼ਨ ਪ੍ਰਾਪਤ ਕਰਨ ਲਈ ਕੋਈ ਨਿਯਮ ਗਿਣਨੇ ਕਿਸੇ ਨੂੰ ਫਬਦਾ ਨਹੀਂ। ਇਕ ਛੋਟਾ ਜਿਹਾ ਕਿਰਮ ਜੰਤ, ਅਥਾਹ ਸਮੁੰਦਰ ਦੀਆਂ ਗੱਲਾਂ ਕੀ ਦੱਸ ਸਕਦਾ ਹੈ? ਇਸ ਲਈ ਇਸ ਵਿਸ਼ੇ ਪਰ ਲਿਖਣ ਵੇਲੇ, ਅਕਾਲ ਮੂਰਤ ਸਤਿਗੁਰਾਂ ਤੋਂ ਬਖ਼ਸ਼ਿਸ਼ ਦੇ ਜਾਚਕ ਹਾਂ, ਭੁੱਲਾਂ ਚੁੱਕਾਂ ਆਪਣਾ ਅਨਜਾਣ ਬੱਚਾ ਸਮਝ ਕੇ ਬਖ਼ਸ਼ ਦੇਣ।

ਆਪਣੇ ਅੰਦਰ ਦਰਸ਼ਨ ਤਾਂ, ਜੈਸੀ ਕਿਸੇ ਦੀ ਸੁਰਤੀ ਹੁੰਦੀ ਹੈ, ਜੈਸੀ ਸ਼ਰਧਾ ਤੇ ਵਿਸ਼ਵਾਸ ਹੈ, ਜਿਸ ਪੱਧਰ ਤਕ ਅਨੁਭਵ ਪਹੁੰਚ ਚੁੱਕਾ ਹੈ, ਉਸ ਦੇ ਅਨੁਸਾਰ, ਵਖ ਵਖ ਭਾਂਤ ਦੇ, ਵਖ ਵਖ ਤ੍ਰੀਕਿਆਂ ਨਾਲ ਹੁੰਦੇ ਹਨ। ਸੁਰਤੀਆਂ ਦਾ ਅੰਤ ਨਹੀਂ, ਇਸ ਕਰਕੇ ਦਰਸ਼ਨਾਂ ਦਾ ਅੰਤ ਨਹੀਂ।

ਜਿਵੇਂ ਸਾਨੂੰ ਗੁਰਬਾਣੀ ਤੋਂ ਇਸ਼ਾਰੇ ਮਿਲਦੇ ਹਨ, ਦਰਸ਼ਨ ਦੇ ਜਾਚਕਾਂ ਲਈ, ਤੀਬਰ ਇੱਛਾ, ਪੂਰਨ ਪ੍ਰੇਮ ਤੇ ਦ੍ਰਿੜ੍ਹ ਵਿਸ਼ਵਾਸ ਦੀ ਲੋੜ ਹੈ। ਜਿਨ੍ਹਾਂ ਦੇ ਮਨ ਇਸ ਪਉੜੀ ਪਰ ਪੱਕੀ ਤਰ੍ਹਾਂ ਟਿਕ ਗਏ ਹਨ, ਉਹ ਆਪਣੀਆਂ ਗੱਲਾਂ ਆਪ ਹੀ ਜਾਣਦੇ ਹੋਣਗੇ। ਸਤਿਗੁਰੂ ਅਤੇ ਸਿੱਖ ਦਾ ਇਕ ਅਨੋਖਾ ਹੀ ਸੰਬੰਧ ਹੈ ਅਤੇ ਇਸ ਦੀਆਂ ਕਹਾਣੀਆਂ ਵੀ ਅਨੋਖੀਆਂ ਹੀ ਹਨ। ਇਹ ਸੰਬੰਧ ਅਨੋਖਾ ਵੀ ਨਹੀਂ, ਕਿਉਂਕਿ ਕੇਵਲ ਇਹੀ ਇਕ ਰਿਸ਼ਤਾ ਹੈ ਜੋ ਸੱਚਾ ਹੈ ਅਤੇ ਸਦੀਵ ਕਾਲ ਲਈ ਕਾਇਮ ਰਹਿਣ ਵਾਲਾ ਹੈ। ਸਤਿਗੁਰਾਂ ਨਾਲ ਮਿਲਾਪ ਦੇ ਰਸਤੇ ਪਰ ਚਲਣ ਵਾਲਾ ਹਰ ਪਾਂਧੀ ਜਾਣਦਾ ਹੈ ਕਿ ਉਹ ਕਿਵੇਂ ਕਿਵੇਂ ਹੌਸਲਾ ਪ੍ਰਾਪਤ ਕਰਦਾ ਹੈ ਅਤੇ ਵਖ ਵਖ ਭਾਂਤ ਦੇ ਆਤਮਕ ਮੰਡਲਾਂ ਦੇ ਪ੍ਰਗਟਾ ਸਾਹਮਣੇ ਆਉਂਦੇ ਹਨ। ਪੁਜਾਰੀ ਦੀਆਂ ਇਹ ਬਹੁਤ ਨਿਜੀ ਕਹਾਣੀਆਂ ਹੁੰਦੀਆਂ ਹਨ, ਜੋ ਉਸ ਦਾ ਨਿਰਇੱਛਤ ਹਿਰਦਾ, ਅੱਤ ਦਾ ਸੰਕੋਚ ਕਰਦਾ ਹੈ, ਪ੍ਰਗਟ ਕਰਨ ਤੋਂ।

ਸਾਡਾ ਵਿਸ਼ਾ ਇਕ ਸਧਾਰਨ ਜਗਿਆਸੂ ਦੇ ਗੁਰ-ਦਰਸ਼ਨ ਪ੍ਰਾਪਤ ਕਰਨ ਦਾ ਹੈ। ਅਕਾਲ ਮੂਰਤ ਅੰਤਰਯਾਮੀ ਸਤਿਗੁਰੂ ਜੀ ਤਾਂ ਹਰ ਥਾਂ ਮੌਜੂਦ ਹਨ, ਹਰ ਘਟ

ਵਿਚ ਬਿਰਾਜਮਾਨ ਹਨ, ਪਰ ਕਈ ਨੀਵੀਆਂ ਸੁਰਤੀਆਂ, ਕੁਝ ਵਕਤੀ ਅਸਰਾਂ ਦੇ ਅਧੀਨ, ਵਿਸ਼ਵਾਸ, ਪ੍ਰੇਮ ਤੇ ਵੈਰਾਗ ਦੀ ਪੀਂਘ ਪਰ ਚੜ੍ਹ ਕੇ, ਇਕ ਉੱਚਾ ਹੁਲਾਰਾ ਲੈਂਦੀਆਂ ਹਨ, ਜੋ ਵਕਤੀ ਤੌਰ ਪਰ, ਉੱਚੇ ਪੱਧਰ ਪਰ ਪਹੁੰਚ ਕੇ, ਸਤਿਗੁਰਾਂ ਦੇ ਚਰਨਾਂ ਨੂੰ ਜਾ ਛੂੰਹਦੀਆਂ, ਉਨ੍ਹਾਂ ਨੇ ਮਨ ਨੂੰ ਟੁੰਬਦੀਆਂ ਅਤੇ ਦਰਸ਼ਨਾਂ ਦੀ ਝਲਕ, ਥੋੜ੍ਹੇ ਸਮੇਂ ਲਈ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ।

ਸਤਿਗੁਰਾਂ ਦੀ ਮਿਹਰ ਹੋਵੇ ਤਾਂ ਅਜਿਹੇ ਦਰਸ਼ਨ ਤਾਂ ਕੋਈ ਕਿਸੇ ਥਾਂ ਵੀ ਹੋ ਸਕਦੇ ਹਨ, ਪਰ ਇਸ ਦਾ ਸੰਬੰਧ ਕਈ ਵੇਰ ਕੁਝ ਪਵਿੱਤਰ ਗੁਰ-ਅਸਥਾਨਾਂ ਨਾਲ ਵੀ ਹੁੰਦਾ ਹੈ। ਅਜਿਹੀ ਸੰਭਾਵਨਾ ਸ੍ਰੀ ਹੇਮਕੁੰਟ ਦੇ ਦਰਸ਼ਕਾਂ ਲਈ ਵਿਸ਼ੇਸ਼ ਕਰਕੇ ਦੇਖੀ ਗਈ ਤੇ ਮੰਨੀ ਜਾਂਦੀ ਹੈ। ਕਈ ਪ੍ਰੇਮੀ ਤਾਂ ਇਹੀ ਇੱਛਾ ਧਾਰਨ ਕਰ ਕੇ ਉਸ ਅਸਥਾਨ ਦੀ ਯਾਤਰਾ ਲਈ ਜਾਂਦੇ ਹਨ। ਲੰਮਾ ਸਫ਼ਰ, ਸਰੀਰਕ ਖੇਚਲ, ਰਸਤੇ ਦੀਆਂ ਕਠਨਾਈਆਂ, ਇਸ ਪਵਿਤਰ ੧੫ ਹਜ਼ਾਰ ਫ਼ੁਟ ਦੀ ਉਚਾਈ ਪਰ ਵਸ ਰਹੇ ਅਸਥਾਨ ਦਾ ਇਕ ਅਲੌਕਿਕ ਦ੍ਰਿਸ਼ ਅਤੇ ਆਪਣੀ ਭਾਂਤ ਦਾ ਇਕ ਨਵਾਂ ਵਾਯੂਮੰਡਲ, ਯਾਤਰੂ ਦੇ ਮਨ ਵਿਚ ਇਕ ਹੁਲਾਰਾ ਲਿਆਉਂਦਾ ਹੈ, ਜੋ ਸ਼ੁਧ ਤੇ ਪ੍ਰੇਮ ਜਾਚਕ ਜਿਹਾ ਹੋ ਕੇ, ਸਤਿਗੁਰ ਕਲਗੀਆਂ ਵਾਲੇ ਦੇ ਚਰਨਾਂ ਦੀ ਛੁਹ ਪ੍ਰਾਪਤ ਕਰ ਲੈਂਦਾ ਹੈ।

ਕਈ ਸੱਜਣ ਇਹ ਜਾਣਨ ਦੀ ਇੱਛਾ ਪ੍ਰਗਟ ਕਰਦੇ ਹਨ ਕਿ ਕਿਸ ਕਿਸ ਨੂੰ ਦਰਸ਼ਨ ਹੋਏ ਅਤੇ ਕਿਵੇਂ ਹੋਏ। ਉੱਪਰ ਦਿੱਤੇ ਵੇਰਵੇ ਦੇਣ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਬਹੁਤਾ ਜਾਣਨ ਦੀ ਲੋੜ ਨਾ ਹੋਵੇ। ਸਤਿਗੁਰੂ ਜੀ ਦੀਆਂ ਜ਼ਾਤੀ ਮਿਹਰਾਂ ਦਾ ਬਹੁਤਾ ਪ੍ਰਚਾਰ ਕਰਨਾ ਯੋਗ ਨਹੀਂ ਹੁੰਦਾ। ਪਾਠਕਾਂ ਨੂੰ ਨਿਰਾਸ ਨਾ ਰਖਦੇ ਹੋਇ ਅਸੀਂ ਕੇਵਲ ਦੋ ਕੁ ਮਿਸਾਲਾਂ ਦੱਸਦੇ ਹਾਂ, ਸੰਕੋਚ ਸਹਿਤ।

ਗੋਬਿੰਦਘਾਟ ਅਤੇ ਸ੍ਰੀ ਹੇਮਕੁੰਟ ਦੇ ਵਿਚਕਾਰ, ਸੁਪਨੇ ਵਿਚ ਤਾਂ ਕਿਸੇ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਹੋਣਗੇ, ਪਰ ਸਾਡੀ ਜਾਣਕਾਰੀ ਅਨੁਸਾਰ, ਸਭ ਤੋਂ ਪਹਿਲੇ ਪਰਤੱਖ ਦਰਸ਼ਨ ਇਕ ਮਾਈ ਨੂੰ ਸੰਨ ੧੯੫੧ ਵਿਚ ਹੋਏ।

ਇਹ ਮਾਈ, ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਇਕ ਪੁਰਾਣੇ ਪੈਨਸ਼ਨ ਪਾ ਚੁੱਕੇ ਪੁਜਾਰੀ ਦੀ ਪਤਨੀ, ਆਪਣੇ ਵੱਡੇ ਪੁਤਰ ਨਾਲ, ਪ੍ਰਸ਼ਾਦ ਲੈ ਕੇ ਸ੍ਰੀ ਹੇਮਕੁੰਟ ਦੇ ਦਰਸ਼ਨਾਂ ਲਈ ਚੱਲੀ। ਨਾਲ ਚੌਕੀਦਾਰ ਵੀ ਸੀ। ਘਾਗਰੀਆ ਤੋਂ ਸ੍ਰੀ ਹੇਮਕੁੰਟ

ਤਕ ਅਜੇ ਸੜਕ ਨਹੀਂ ਸੀ ਬਣੀ। ਇਹ ਤਿੰਨੇ ਯਾਤਰੂ ਜਿਵੇਂ ਕਿਵੇਂ ਚੜ੍ਹਾਈ ਚੜ੍ਹਦੇ ਗਏ। ਜਦ ਲਗ ਪਗ ਇਕ ਮੀਲ ਹੋਰ ਚਲਣਾ ਬਾਕੀ ਰਹਿ ਗਿਆ ਤਾਂ ਮਾਈ ਇੰਨੀ ਥੱਕ ਚੁੱਕੀ ਸੀ ਕਿ ਇਕ ਕਦਮ ਹੋਰ ਚਲਣਾ ਵੀ ਉਸ ਨੂੰ ਕਠਨ ਮਲੂਮ ਹੋਇਆ। ਚੌਕੀਦਾਰ ਨੇ ਉਸ ਨੂੰ ਆਪਣੀ ਪਿੱਠ ਪਰ ਚੁੱਕ ਕੇ ਲੈ ਜਾਣ ਤੋਂ ਅਸਮਰਥਾ ਪਰਗਟ ਕੀਤੀ। ਸੋ, ਲਾਚਾਰ, ਆਖ਼ਰ ਉਹ ਉਥੇ ਹੀ ਬੈਠ ਗਈ। ਉਸ ਦਾ ਪੁੱਤਰ ਤੇ ਚੌਕੀਦਾਰ ਪ੍ਰਸ਼ਾਦ ਲੈ ਕੇ ਅੱਗੇ ਚਲੇ ਗਏ। ਇਹ ਮਾਈ ਆਪਣੇ ਮਨ ਵਿਚ ਬਹੁਤ ਨਿਰਾਸ ਤੇ ਨਿੰਮੋਝੂਣੀ ਜਿਹੀ ਹੋਈ ਕਿ ਉਹ ਇਤਨੀ ਦੂਰ ਚਲ ਕੇ ਵੀ ਆਈ, ਪਰ ਉਸ ਨੂੰ ਪਵਿੱਤਰ ਅਸਥਾਨ ਦੇ ਦਰਸ਼ਨ ਨਸੀਬ ਨਾ ਹੋਏ। ਉਥੇ ਬੈਠੀ ਨੇ ਹੀ, ਉਸ ਨੇ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ, ਫਿਰ ਗੋਡਿਆਂ ਵਿਚ ਸਿਰ ਦੇ ਕੇ ਬੈਠ ਗਈ। ਮਨ ਵਿਚ ਉਬਾਲ ਉਠੇ, ਪ੍ਰੇਮ ਤੇ ਵੈਰਾਗ ਦੀ ਘਟਾ ਛਾ ਗਈ ਅਤੇ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲਗ ਗਈ। ਥੋੜ੍ਹਾ ਚਿਰ ਹੀ ਇਸ ਅਵਸਥਾ ਵਿਚ ਬੀਤਿਆ ਸੀ ਕਿ ਉਸ ਨੇ ਇਕ ਆਵਾਜ਼ ਸੁਣੀ। ਸਿਰ ਚੁੱਕ ਕੇ ਦੇਖਿਆ, ਸਾਹਮਣੇ ਸ੍ਰੀ ਦਸਮੇਸ਼ ਜੀ ਖੜੇ ਸਨ। ਘੋੜਾ ਪਾਸ ਸੀ, ਪਰ ਆਪ ਸਵਾਰ ਨਹੀਂ ਸਨ। ਆਪ ਨੇ ਦੋ ਵਾਕ ਮਾਈ ਨੂੰ ਫ਼ੁਰਮਾਏ, ਜਿਸ ਤੋਂ ਭਾਵ ਹੌਸਲਾ ਦੇਣਾ ਸੀ ਅਤੇ ਅਲੋਪ ਹੋ ਗਏ। ਦਰਸ਼ਨ! ਅਚਾਨਕ ਦਰਸ਼ਨ!! ਮਾਈ ਹੱਕੀ ਬੱਕੀ ਜਿਹੀ ਰਹਿ ਗਈ। ਮੂੰਹ ਤੋਂ ਕੋਈ ਬਚਨ ਨਾ ਨਿਕਲ ਸੱਕੇ। ਕੋਈ ਦਾਤ ਮੰਗਣੀ ਨਾ ਸੁੱਝੀ। ਨੂਰਾਨੀ ਚਿਹਰੇ ਪਰ ਇੰਨਾ ਤੇਜ ਸੀ ਕਿ ਝੱਲ ਨਾ ਸਕੀ। ਆਪ ਦੇ ਬਸਤਰ ਅਤੇ ਉਨ੍ਹਾਂ ਦਾ ਰੰਗ ਹੀ ਨੋਟ ਕਰਦੀ ਰਹੀ, ਪਰ ਬਹੁਤ ਖ਼ੁਸ਼ ਅਤੇ ਸੰਤੁਸ਼ਟ ਸੀ।

ਇਸ ਦੇ ਮਗਰੋਂ, ਦਰਸ਼ਨ ਤਾਂ ਹੋਰ ਵੀ ਕਿਸੇ ਕਿਸੇ ਨੂੰ ਹੋਏ ਹੋਣਗੇ। ਇਕ ਦੋਹਾਂ ਨੇ ਇਹ ਵੀ ਦੱਸਿਆ ਕਿ ਸਫ਼ਰ ਕਰਦੇ ਹੋਏ, ਉਨ੍ਹਾਂ ਨੇ ਕਿਰਪਾਲੂ ਸਤਿਗੁਰਾਂ ਦੇ ਆਪਣੀ ਪਿਆਰੀ ਸੰਗਤ ਦੇ ਨਾਲ ਨਾਲ ਚਲਦੇ ਹੋਇਆਂ ਦੇ ਦਰਸ਼ਨ ਕੀਤੇ ਹਨ। ਪਰ ਅਸੀਂ ਕੇਵਲ ਇਕ ਹੋਰ ਘਟਨਾ ਦੱਸ ਕੇ ਇਸ ਕਾਂਡ ਨੂੰ ਸਮਾਪਤ ਕਰਦੇ ਹਾਂ।

੧੯੫੭ ਵਿਚ, ਵੀਹ ਬਾਈ ਮਾਈਆਂ ਤੇ ਵੀਰਾਂ ਦਾ ਇਕ ਜੱਥਾ ਸ੍ਰੀ ਹੇਮਕੁੰਟ ਦੇ ਦਰਸ਼ਨਾਂ ਲਈ ਆਇਆ। ਬਹੁ-ਗਿਣਤੀ ਵਿਚ ਇਹ ਰਹਿਤਵਾਨ, ਨਿਤਨੇਮੀ ਅਤੇ ਸਤਿਗੁਰਾਂ ਦੇ ਚਰਨਾਂ ਨਾਲ ਪ੍ਰੇਮ ਰੱਖਣ ਵਾਲੇ ਸਨ। ਇਹ ਦਰਸ਼ਨਾਂ ਲਈ

ਅਰਦਾਸ ਕਰ ਕੇ ਆਏ ਸਨ ਅਤੇ ਰਾਤ ਨੂੰ ਸ੍ਰੀ ਹੇਮਕੁੰਟ ਪਰ ਠਹਿਰਨ ਦਾ ਪ੍ਰੋਗਰਾਮ ਬਣਾਇਆ। ਇਹ ਸਾਰੇ, ਕੁਝ ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਕੁਝ ਬਾਹਰ ਬਰਾਂਡੇ ਵਿਚ ਬੈਠੇ ਕੀਰਤਨ ਕਰਨ ਲੱਗੇ। ਸ਼ਾਮ ਵੇਲੇ ਬੱਦਲ ਛਾਏ ਅਤੇ ਇਕ ਛੋਟੀ ਜਿਹੀ ਅੰਨ੍ਹੇਰੀ ਵਗੀ। ਇਕ ਦੋ ਸਿੰਘਾਂ ਨੇ, ਉਡਦੇ ਬੱਦਲਾਂ ਵਿਚ ਘੋੜੇ ਦਾ ਸੀਸ ਵੇਖਿਆ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਦੀ ਅਰਦਾਸ ਕਬੂਲ ਹੋ ਗਈ ਹੈ।

ਰਾਤ ਦਾ ਘੁਪ ਅੰਨ੍ਹੇਰਾ ਸੀ। ਅਜੇ ਅੱਠ ਹੀ ਵਜੇ ਸਨ ਕਿ ਚਾਰੇ ਪਾਸੇ, ਪਰਬਤਾਂ ਦੀਆਂ ਚੋਟੀਆਂ ਪਰ ਕੁਝ ਸਤਾਰੇ ਜਿਹੇ ਚਮਕਦੇ ਨਜ਼ਰ ਆਏ, ਜੋ ਹੇਠਾਂ ਨੂੰ ਉਤਰ ਰਹੇ ਸਨ। ਥੋੜ੍ਹੀ ਹੀ ਦੇਰ ਬਾਅਦ ਸਾਰੀ ਘਾਟੀ ਵਿਚ ਇੰਜ ਪ੍ਰਕਾਸ਼ ਹੋ ਗਿਆ ਜਿਵੇਂ ਕਿ ਕਈ ਸੂਰਜ ਚੜ੍ਹ ਗਏ ਹਨ। ਸਰੋਵਰ ਦੇ ਖੱਬੇ ਪਾਸੇ, ਦਸਮੇਸ਼ ਜੀ, ਘੋੜੇ ਪਰ ਸਵਾਰ ਖੜੇ ਸਨ। ਉਨ੍ਹਾਂ ਦੇ ਦੋਵੇਂ ਪਾਸੇ ਸਾਹਿਬਜ਼ਾਦੇ ਸਨ। ਜੋ ਪਹਿਲਾਂ ਸਤਾਰੇ ਜਿਹੇ ਨਜ਼ਰ ਆਉਂਦੇ ਸਨ, ਉਹ ਸਤਿਗੁਰਾਂ ਨਾਲ ਫ਼ੌਜ ਸੀ, ਜੋ ਹੁਣ ਸਰੋਵਰ ਦੇ ਚਾਰੇ ਪਾਸੇ, ਇਸ਼ਨਾਨ ਕਰ ਕੇ ਕੰਢਿਆਂ ਪਰ ਬੈਠ ਗਏ। ਕੋਈ ਧਿਆਨ ਮਗਨ ਸੀ, ਕੋਈ ਹੌਲੀ ਹੌਲੀ ਗੁਰਬਾਣੀ ਪੜ੍ਹ ਰਿਹਾ ਸੀ। ਇੰਨੇ ਨੂੰ ਇਸ ਇਲਾਕੇ ਵਿਚ ਵਸਣ ਵਾਲੇ ਦੇਵਤੇ, ਥਾਂ ਥਾਂ ਤੋਂ ਨਿਕਲੇ ਅਤੇ ਲਾਈਨ ਬਣਾ ਕੇ, ਸਤਿਗੁਰਾਂ ਦੇ ਅੱਗੇ ਮੱਥਾ ਟੇਕ ਕੇ, ਅੱਗੇ ਨਿਕਲਦੇ ਗਏ। ਜੱਥੇ ਵਿਚੋਂ ਕਈਆਂ ਨੂੰ ਸਤਿਗੁਰਾਂ ਦੇ ਦਰਸ਼ਨ ਹੋਏ। ਕੁਝ ਅਜਿਹੇ ਸਨ ਜੋ ਕੇਵਲ ਸ਼ਹੀਦ ਸਿੰਘ ਹੀ ਦੇਖ ਸਕੇ। ਇਕ ਦੂਹਾਂ ਨੂੰ ਸਿਰਫ਼ ਜਲ ਵਿਚ ਇਸ਼ਨਾਨ ਕਰਦਿਆਂ ਦੀਆਂ ਆਵਾਜ਼ਾਂ ਹੀ ਸੁਣਾਈ ਦਿੱਤੀਆਂ, ਪਰ ਦੇਖ ਕੁਝ ਨਹੀਂ ਸਕੇ। ਕੁਝ ਮਿੰਟਾਂ ਬਾਅਦ ਸਾਰਾ ਅਲੌਕਿਕ ਅਗੰਮੀ ਦ੍ਰਿਸ਼ ਅਲੋਪ ਹੋ ਗਿਆ। ਫਿਰ ਉਸੇ ਤਰ੍ਹਾਂ ਅੰਨ੍ਹੇਰਾ ਸੀ, ਪਰ ਪ੍ਰੇਮੀਆਂ ਦੇ ਹਿਰਦੇ, ਵੈਰਾਗ, ਪ੍ਰੇਮ ਅਤੇ ਅਨੰਦ ਨਾਲ ਚਮਕ ਰਹੇ ਸਨ।

# ਅਦਬ ਅਤੇ ਸਫ਼ਾਈ ਦੀ ਲੋੜ

ਅਦਬ ਅਤੇ ਸਫ਼ਾਈ ਦੇ ਪੱਖ ਤੋਂ ਹੁਣ ਸੰਗਤਾਂ ਕੁਝ ਵਧੇਰੇ ਖੁਲ੍ਹ ਲੈਂਦੀਆਂ ਜਾ ਰਹੀਆਂ ਹਨ, ਇਸ ਕਰਕੇ ਇਸ ਸੰਬੰਧੀ ਕੁਝ ਲਿਖਣਾ ਜ਼ਰੂਰੀ ਜਾਪਦਾ ਹੈ। ਲੇਖਕ ਦਾ ਖ਼ਿਆਲ ਹੈ ਕਿ ਪੁਰਾਣੇ ਨਿਯਮ ਤੋੜੇ ਨਹੀਂ ਜਾਣੇ ਚਾਹੀਦੇ। ਇਹ ਗੱਲ ਉਨ੍ਹਾਂ ਸੱਜਣਾਂ ਦੇ ਵਧੇਰੇ ਵਿਚਾਰ ਗੋਚਰੀ ਹੈ, ਜੋ ਉੱਪਰ ਜਾ ਕੇ ਰਾਤ ਠਹਿਰਨ।

ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਦੇ ਜਾਚਕ, ਜਿਹੜੇ ਸ਼ਰਧਾਲੂ ਆਪਣੀ ਯਾਤਰਾ ਸਫ਼ਲ ਕਰਨਾ ਚਾਹੁੰਦੇ ਹੋਣ, ਉਨ੍ਹਾਂ ਲਈ ਗੁਰ-ਪ੍ਰੇਮ, ਸ਼ਰਧਾ, ਵਿਸ਼ਵਾਸ ਅਤੇ ਸ਼ੁਧ ਮਨ ਤੋਂ ਬਿਨਾਂ, ਇਸ ਅਸਥਾਨ ਦੇ ਅਦਬ ਅਤੇ ਸਫ਼ਾਈ ਰੱਖਣ ਦੀ ਵੀ ਇਕ ਵੱਡੀ ਲੋੜ ਹੈ। ਇਸ ਨਾਲ ਸ਼ਰਧਾ ਵਧਦੀ ਹੈ ਅਤੇ ਇਸ ਤੋਂ ਬਿਨਾਂ ਸ਼ਰਧਾ ਪਰ ਸੱਟ ਵਜਦੀ ਹੈ। ਸਰੀਰ ਪਰ ਕਸ਼ਟ ਸਹਾਰ ਲਵੋ, ਪਰ ਅਦਬ ਨਾ ਛੱਡੋ (ਭਾਵੇਂ ਕੋਈ ਦੇਖਦਾ ਹੋਵੇ ਜਾਂ ਨਾ) ਤਾਂ ਉਹ ਅਦਬ ਸਫ਼ਲ ਹੁੰਦਾ ਹੈ, ਮਨ ਵਿਚ ਇਕ ਅਨੋਖੀ ਖ਼ੁਸ਼ੀ ਤੇ ਸ਼ਰਧਾ ਦਾ ਵਾਧਾ ਪ੍ਰਤੀਤ ਹੁੰਦਾ ਹੈ।

ਜਿਸ ਧਰਤੀ ਪਰ ਕਈ ਸਜਣ ਆ ਕੇ ਯਾਚਨਾ ਕਰਦੇ ਹਨ ਕਿ ਸਤਿਗੁਰੂ ਜੀ ਆ ਕੇ ਦਰਸ਼ਨ ਦੇਣ, ਉਥੇ ਆਪਣੀ ਥੋੜ੍ਹੀ ਜਿਹੀ ਖੇਚਲ ਬਚਾਉਣ ਲਈ, ਜੰਗਲ ਮੈਦਾਨ ਅਤੇ ਗੜ੍ਹ ਤੋੜ ਕੇ ਧਰਤੀ ਨੂੰ ਗੰਦਾ ਕਰਨਾ ਕਿਵੇਂ ਯੋਗ ਹੈ? ਕਿਵੇਂ ਫੱਬਦਾ ਹੈ? ਅਜਿਹਾ ਕਰਨ ਵਾਲੇ ਸਜਣ, ਇਹ ਵੀ ਨਹੀਂ ਸੋਚਦੇ ਕਿ ਬਰਖਾ ਨਾਲ ਸਾਰਾ ਗੰਦ, ਉਸ ਪਵਿੱਤਰ ਸਰੋਵਰ ਵਿਚ ਜਾ ਪਹੁੰਚਦਾ ਹੈ, ਜਿਸ ਦੇ ਜਲ ਵਿਚ ਉਨ੍ਹਾਂ ਨੇ "ਵਾਹਿਗੁਰੂ" ਆਖ ਕੇ ਚੁੱਭੀ ਲਾਉਣੀ ਹੈ, ਅਤੇ ਜਿਥੇ ਦਾ ਜਲ ਬੋਤਲਾਂ ਵਿਚ ਭਰ ਕੇ, ਅੰਮ੍ਰਿਤ ਵਜੋਂ ਘਰਾਂ ਨੂੰ ਲੈ ਜਾਣਾ ਅਤੇ ਵੰਡਣਾ ਹੈ। ਸਰੋਵਰ ਦੇ ਕੰਢਿਆਂ ਦਾ ਜਲ ਤੇਜ਼ ਧਾਰ ਬਣ ਕੇ, ਬਾਹਰ ਨੂੰ ਰੁੜ੍ਹ ਨਹੀਂ ਰਿਹਾ, ਜੋ ਸਫ਼ਾਈ ਹੁੰਦੀ ਜਾਵੇਗੀ। ਇਸ ਕਰਕੇ ਸ੍ਰੀ ਹੇਮਕੁੰਟ ਦੇ ਮੈਦਾਨ ਪਰ ਜਾਂ ਆਸ.ਪਾਸ ਦੀਆਂ ਚੜ੍ਹਾਈਆਂ ਪਰ ਜੰਗਲ ਮੈਦਾਨ ਆਦਿਕ ਲਈ ਨਹੀਂ ਜਾਣਾ ਚਾਹੀਦਾ। ਮੰਦਰ ਵਾਲਾ ਪਾਸਾ ਵੀ ਸ੍ਰੀ ਹੇਮਕੁੰਟ ਦਾ ਹਿੱਸਾ ਹੀ ਹੈ, ਸਰੋਵਰ ਵੀ ਇਕੋ ਹੈ। ਇਸ ਕਰਕੇ ਇਸ ਕਾਰਜ ਲਈ ਕੇਵਲ ਕੁਝ ਉਤਰਾਈ ਉਤਰ ਕੇ ਹੀ ਜਾਣਾ ਚਾਹੀਦਾ ਹੈ। ਇੰਨੀਆਂ ਔਖਿਆਈਆਂ ਝੱਲ ਕੇ ਸ੍ਰੀ ਹੇਮਕੁੰਟ ਪਹੁੰਚਦੇ ਹਾਂ, ਥੋੜ੍ਹਾ ਜਿਹਾ ਹੋਰ

ਕਸ਼ਟ ਸਹਾਰ ਲੈਣਾ ਕੋਈ ਕਠਨ ਗੱਲ ਨਹੀਂ।

ਹੁਣ ਕਿਉਂਕਿ ਭਾਈ ਵੀਰ ਸਿੰਘ ਰਿਹਾਇਸ਼ ਅਸਥਾਨ ਬਣ ਚੁੱਕਾ ਹੈ, ਜੋੜੇ ਉਥੇ ਤਕ ਲਿਜਾਏ ਜਾ ਸਕਦੇ ਹਨ। ਉਸ ਤੋਂ ਅੱਗੇ ਚਲਣ ਫਿਰਨ ਵਾਸਤੇ, ਹਰ ਯਾਤਰੂ ਲਕੜੀ ਦੀਆਂ ਖੜਾਵਾਂ ਨਾਲ ਲੈ ਜਾਵੇ।

ਜਿਨ੍ਹਾਂ ਪ੍ਰੇਮੀਆਂ ਨੇ ਉੱਪਰ ਰਾਤ ਠਹਿਰਨਾ ਹੋਵੇ, ਉਹ ਇਸ ਅਸਥਾਨ ਪਰ ਬਹੁਤ ਅਲਪ ਅਹਾਰ ਕਰਨ (ਇਹ ਕਸਰ ਹੇਠਾਂ ਜਾ ਕੇ ਕੱਢੀ ਜਾ ਸਕਦੀ ਹੈ) ਅਤੇ ਸ਼ਾਮ ਪੈਣ ਤੋਂ ਪਹਿਲਾਂ ਹੀ ਜਲ ਪਾਣੀ ਛਕ ਲੈਣ, ਤਾਂ ਜੁ ਰਾਤ ਨੂੰ ਬਾਹਰ ਨਾ ਜਾਣਾ ਪਏ। ਧੰਨਵਾਦ।

# ਅਖ਼ੀਰ ਵਿਚ ਕੁਝ ਅੱਖਰ

ਸ੍ਰੀ ਹੇਮਕੁੰਟ ਸੰਬੰਧੀ ਯਾਦ-ਦਾਸ਼ਤ ਤਾਂ ਬਹੁਤ ਦਿਨਾਂ ਤੋਂ ਲਿਖੀ ਹੋਈ ਸੀ, ਪਰ ਇਸ ਨੂੰ ਸ੍ਰੀ ਹੇਮਕੁੰਟ ਦੇ ਪ੍ਰੇਮੀਆਂ ਦੀ ਗਿਆਤ ਹਿਤ ਛਪਵਾਉਣ ਵਲ ਧਿਆਨ ਨਹੀਂ ਗਿਆ।

ਸ੍ਰੀ ਹੇਮਕੁੰਟ ਟ੍ਰਸਟ ਵਾਲੇ ਸਰਦਾਰ ਸ਼ਮਸ਼ੇਰ ਸਿੰਘ ਜੀ ਹਰ ਸਾਲ ਉਥੇ ਜਾਂਦੇ ਹਨ ਅਤੇ ਦੂਰ ਦੁਰੇਡੇ ਤੋਂ ਆਈਆਂ ਸੰਗਤਾਂ ਨੂੰ ਵੀ ਨਾਲ ਲਿਜਾ ਕੇ ਦਰਸ਼ਨ ਕਰਾਉਂਦੇ ਹਨ। ਆਪ ੧੯੭੪ ਵਿਚ ਜਦ ਯਾਤਰਾ ਲੈ ਕੇ ਉੱਪਰ ਜਾ ਰਹੇ ਸਨ ਤਦੋਂ ਰਿਖੀਕੇਸ਼ ਵਿਖੇ ਆਪ ਦੇ ਦਰਸ਼ਨ ਹੋਏ। ਉਸ ਸਮੇਂ ਆਪ ਨੇ ਪ੍ਰੇਰਨਾ ਕੀਤੀ ਕਿ ਮੈਂ ਸ੍ਰੀ ਹੇਮਕੁੰਟ ਸੰਬੰਧੀ ਕੁਝ ਲਿਖਾਂ।

ਆਪ ਦੇ ਮਨ ਅੰਦਰ ਸ੍ਰੀ ਹੇਮਕੁੰਟ ਲਈ ਪ੍ਰੇਮ, ਲਗਨ ਤੇ ਸੰਬੰਧਤ ਗੁਰਦੁਆਰਿਆਂ ਦੀ ਉੱਨਤੀ ਲਈ ਉਤਸ਼ਾਹ ਨੇ ਮੇਰੇ ਮਨ ਦੇ ਉਸ ਖੂੰਜੇ ਨੂੰ ਟੁੰਬਿਆ ਜਿਥੇ ਕਿ ਸ੍ਰੀ ਹੇਮਕੁੰਟ ਦੀ ਰੰਗਣ ਹਮੇਸ਼ਾ ਹੀ ਵਸਦੀ ਹੈ। ਮੈਂ ਇਨਕਾਰ ਨਹੀਂ ਕਰ ਸਕਿਆ ਅਤੇ ਇਸ ਪੁਸਤਕ ਵਿਚ ਉਹ ਕੁਝ ਲਿਖਣ ਦਾ ਯਤਨ ਕੀਤਾ ਹੈ, ਜਿੰਨਾਂ ਕਿ ਲਿਖਣ ਯੋਗ ਪ੍ਰਤੀਤ ਹੋਇਆ।

ਸ੍ਰੀ ਹੇਮਕੁੰਟ ਦੀ ਖਿਚ ਵੀ ਅਨੋਖੀ ਹੀ ਹੈ। ਮੇਰੇ ਦੇਖਦੇ ਦੇਖਦੇ ਜਿਥੇ ਕਿ ਸਾਲ

ਭਰ ਵਿਚ ਗਿਣਤੀ ਦੇ ਪ੍ਰੇਮੀ ਹੀ ਜਾਂਦੇ ਸਨ, ਹੁਣ ਹਜ਼ਾਰਾਂ ਦੀ ਗਿਣਤੀ ਵਿਚ, ਦੇਸ਼ ਦੇ ਕੋਨੇ ਕੋਨੇ ਅਤੇ ਬਦੇਸ਼ਾਂ ਤੋਂ ਵੀ ਸੰਗਤਾਂ ਹੁਮ ਹੁਮਾ ਕੇ ਇਸ ਅਨੋਖੇ ਤੇ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਜਾਂਦੀਆਂ ਅਤੇ ਅਨੰਦ ਮਾਣਦੀਆਂ ਹਨ।


ਸੰਗਤਾਂ ਦੇ ਮਿਲਵਰਤਣ ਅਤੇ ਟ੍ਰਸਟ ਦੇ ਉਦਮ ਨਾਲ, ਹੁਣ ਤਕ ਰਿਖੀਕੇਸ਼ ਤੋਂ ਲੈ ਕੇ ਸ੍ਰੀ ਹੇਮਕੁੰਟ ਤਕ, ਹੇਠ-ਲਿਖੇ ਥਾਵਾਂ ਪਰ ਗੁਰਦੁਆਰੇ ਅਸਥਾਪਣ ਹੋ ਚੁੱਕੇ ਹਨ। ਇਨ੍ਹਾਂ ਗੁਰਦੁਆਰਿਆਂ ਨਾਲ, ਯਾਤਰੂਆਂ ਦੇ ਠਹਿਰਨ ਵਾਸਤੇ ਵੀ ਕਮਰੇ ਬਣਾਏ ਗਏ ਹਨ। ਇਹ ਕੇਵਲ ਆਉਣ ਜਾਣ ਵਾਲੀਆਂ ਸੰਗਤਾਂ ਦੇ ਆਰਾਮ ਦਾ ਸਾਧਨ ਹੀ ਨਹੀਂ, ਸਗੋਂ ਉਨ੍ਹਾਂ ਦੂਰ ਦੁਰੇਡੇ ਪਹਾੜਾਂ ਵਿਚ, ਜਿਥੇ ਕਿ ਸਿੱਖੀ ਪ੍ਰਚਾਰ ਦੀ ਕੋਈ ਸੰਭਾਵਨਾ ਨਹੀਂ ਸੀ ਦਿਸ ਆਉਂਦੀ, ਹੁਣ ਇਕ ਤਰ੍ਹਾਂ ਨਾਲ ਸਥਾਨਕ ਪਰਚਾਰ ਲਈ ਕੇਂਦਰ ਬਣ ਸਕਦੇ ਹਨ।

ਯੂ. ਪੀ. ਦੇ ਪਾਸੇ ਤੋਂ ਆਉਣ ਵਾਲੇ ਸਜਣਾਂ ਨੂੰ ਕੋਟਦਵਾਰ ਰੇਲਵੇ ਸਟੇਸ਼ਨ ਤੋਂ ਬਸ ਮਿਲ ਸਕਦੀ ਹੈ। ਕੋਟਦਵਾਰ ਤੋਂ ਜਾਣ ਵਾਲੀ ਸੜਕ, ਸ੍ਰੀਨਗਰ ਵਿਖੇ, ਰਿਖੀਕੇਸ਼ ਤੋਂ ਆਉਣ ਵਾਲੀ ਸੜਕ ਨਾਲ ਮਿਲ ਜਾਂਦੀ ਹੈ। ਪਰ ਯਾਤਰਾ ਵਧੇਰੇ ਕਰਕੇ ਰਿਖੀਕੇਸ਼ ਵਲੋਂ ਹੀ ਚਲਦੀ ਹੈ।

ਰਿਖੀਕੇਸ਼ ਤੋਂ ਗੋਬਿੰਦਘਾਟ ਤਕ ੧੭੦ ਮੀਲ ਦਾ ਸਫ਼ਰ ਬਸ ਵਿਚ ਕਰਨਾ ਹੁੰਦਾ ਹੈ। ਗੋਬਿੰਦਘਾਟ ਤੋਂ ਸ੍ਰੀ ਹੇਮਕੁੰਟ ੧੧ ਮੀਲ ਦੀ ਵਿਥ ਪਰ ਹੈ। ਇਹ ਸਾਰਾ ਪੈਦਲ ਰਸਤਾ ਚੜ੍ਹਾਈ ਹੀ ਹੈ। ਯਾਤਰੂ ਰਿਖੀਕੇਸ਼ ਅਤੇ ਗੋਬਿੰਦਘਾਟ ਗੁਰ-ਦੁਆਰਿਆਂ ਤੋਂ ਸਫ਼ਰ ਸੰਬੰਧੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

| | | |
|---|---|---|
| ੧. | ਰਿਖੀਕੇਸ਼ | (ਉਚਾਈ ੧੩੦੦ ਫ਼ੁਟ) |
| ੨. | ਸ੍ਰੀਨਗਰ | " ੧੫੦੦ " |
| ੩. | ਜੋਸ਼ੀਮਠ | " ੬੦੦੦ " |
| ੪. | ਗੋਬਿੰਦ ਘਾਟ | " ੫੦੦੦ " |
| ੫. | ਘਾਂਗਰੀਆ (ਗੋਬਿੰਦਧਾਮ) | " ੧੦੫੦੦ " |
| ੬. | ਸ੍ਰੀ ਹੇਮਕੁੰਟ | " ੧੫੨੦੦ " |

—ਇਤਿ—




(ਦੂਰੀ ਮੀਲਾਂ ਵਿਚ)

| | |
|---|---|
| ਕੋਟਦ੍ਵਾਰ ਤੋਂ ਸ੍ਰੀ ਨਗਰ | 64 (ਬਸ) |
| ਰਿਸ਼ੀਕੇਸ਼ ਤੋਂ ਸ੍ਰੀ ਨਗਰ | 67 (ਬਸ) |
| ਸ੍ਰੀ ਨਗਰ ਤੋਂ ਗੋਬਿੰਦ ਘਾਟ | 103 (ਬਸ) |
| ਗੋਬਿੰਦ ਘਾਟ ਤੋਂ ਘਾਗਰੀਆ | 7½ ਪੈਦਲ |
| ਘਾਗਰੀਆ ਤੋਂ ਸ੍ਰੀ ਹੇਮਕੁੰਟ | 3½ ਪੈਦਲ |
| ਘਾਗਰੀਆ ਤੋਂ ਫੁੱਲਘਾਟੀ | 2 ਪੈਦਲ |

ISBN 81-7205-020-8